ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਵੀਰਵਾਰ, 23 ਜਨਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੧੦ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

Exclusive News

## 10 ਲੱਖ ਰੁਪਏ ਤੱਕ ਦੀ ਆਮਦਨ 'ਤੇ ਨਹੀਂ ਪਵੇਗਾ ਟੈਕਸ, ਨਵੇਂ ਟੈਕਸ ਸਲੈਬ ਦਾ ਐਲਾਨ ਜਲਦ

**ਨਵੀਂ ਦਿੱਲੀ, 22 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਵਿੱਤ ਮੰਤਰੀ ਨਿਰਮਲਾ ਸੀਤਾਰਮਨ 1 ਫਰਵਰੀ ਨੂੰ ਪੇਸ਼ ਕਰਨ ਜਾ ਰਹੇ ਹਨ। ਇਸ ਵਾਰ ਦੇ ਬਜਟ 'ਚ ਟੈਕਸ ਸਲੈਬਾਂ ਵਿੱਚ ਬਦਲਾਅ ਹੋਣ ਦੀ ਸੰਭਾਵਨਾ ਹੈ। ਇਸ ਨਾਲ ਮੱਧ ਵਰਗ ਨੂੰ ਵੱਡੀ ਰਾਹਤ ਮਿਲਣ ਦੀ ਉਮੀਦ ਹੈ। ਇਹ ਫ਼ੈਸਲੇ ਨਾਲ ਨਾ ਸਿਰਫ਼ ਲੋਕਾਂ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਹੋ ਸਕਦਾ ਹੈ ਸਗੋਂ ਅਰਥਵਿਵਸਥਾ ਨੂੰ ਵੀ ਹੁਲਾਰਾ ਮਿਲੇਗਾ। ਜਾਣਕਾਰੀ ਮੁਤਾਬਕ ਆਮਦਨ ਟੈਕਸ ਸਲੈਬਾਂ ਵਿੱਚ ਬਦਲਾਅ ਬਾਰੇ ਵਿੱਤ ਮੰਤਰਾਲੇ ਦਰਮਿਆਨ ਵਿਚਾਰ ਹੋ ਰਿਹਾ ਹੈ। ਇਸ ਫ਼ੈਸਲੇ ਨਾਲ 20 ਲੱਖ ਰੁਪਏ ਤੱਕ ਦੀ ਸਾਲਾਨਾ ਕਮਾਈ ਕਰਨ ਵਾਲੇ ਟੈਕਸਦਾਤਾਵਾਂ ਨੂੰ ਫਾਇਦਾ ਹੋ ਸਕਦਾ ਹੈ। ਰਿਪੋਰਟ ਅਨੁਸਾਰ, ਸਰਕਾਰ ਦੋ ਅਹਿਮ ਵਿਕਲਪਾਂ 'ਤੇ ਵਿਚਾਰ ਕਰ ਰਹੀ ਹੈ। ਪਹਿਲਾ, 10 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ ਨੂੰ ਟੈਕਸ-ਮੁਕਤ ਕਰਨਾ ਅਤੇ ਦੂਜਾ 15 ਤੋਂ 20 ਲੱਖ ਰੁਪਏ ਦੀ ਆਮਦਨ 'ਤੇ 25% ਦਾ ਨਵਾਂ ਟੈਕਸ ਸਲੈਬ ਪੇਸ਼ ਕਰਨਾ। ਮੌਜੂਦਾ ਸਮੇਂ 15 ਲੱਖ ਰੁਪਏ ਤੋਂ ਵੱਧ ਆਮਦਨ ਵਾਲਿਆਂ 'ਤੇ 30% ਟੈਕਸ ਲੱਗ ਰਿਹਾ ਹੈ। ਇਸ ਸਾਲ ਦੇ ਬਜਟ ਵਿਚ ਦੋਵੇਂ ਵਿਵਸਥਾਵਾਂ ਲਾਗੂ ਕੀਤੀਆਂ ਜਾ ਸਕਦੀਆਂ ਹਨ। ਇਸ ਫੈਸਲੇ ਨਾਲ ਸਰਕਾਰ ਨੂੰ ਕਰੋੜਾਂ ਰੁਪਏ ਦੇ ਮਾਲੀਆ ਨੁਕਸਾਨ ਹੋ ਸਕਦਾ ਹੈ। ਵਿੱਤ ਮੰਤਰੀ ਨੇ ਪਿਛਲੇ ਸਾਲ 2023 ਦੇ ਬਜਟ ਦਰਮਿਆਨ Section 87ਏ ਦੇ ਤਹਿਤ ਛੋਟ ਵਧਾ ਕੇ 7 ਲੱਖ ਰੁਪਏ ਤੱਕ ਦੀ ਆਮਦਨ ਨੂੰ ਟੈਕਸ ਮੁਕਤ ਕਰ ਦਿੱਤਾ ਸੀ।

### ਸੁਖਬੀਰ ਬਾਦਲ ਦੇ ਹਟਣ ਮਗਰੋਂ ਵੀ ਅਕਾਲੀ ਦਲ 'ਚ ਨਵਾਂ ਕਲੇਸ਼ !

# ਮੁੜ ਹੋਏਗਾ ਵੱਡਾ ਧਮਾਕਾ

**ਚੰਡੀਗੜ੍ਹ, 22 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸੁਖਬੀਰ ਬਾਦਲ ਦੇ ਲਾਂਭੇ ਹੋਣ ਮਗਰੋਂ ਵੀ ਸ਼੍ਰੋਮਣੀ ਅਕਾਲੀ ਦਲ ਦਾ ਕਲੇਸ਼ ਘਟਦਾ ਦਿਖਾਈ ਨਹੀਂ ਦੇ ਰਿਹਾ। ਹੁਣ ਅਕਾਲੀ ਦਲ ਦੀ ਭਰਤੀ ਮੁਹਿੰਮ ਨੂੰ ਲੈ ਕੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਇਹ ਸਵਾਲ ਕੋਈ ਹੋਰ ਨਹੀਂ ਬਲਕਿ ਅਕਾਲੀ ਦਲ ਦਾ ਬਾਗੀ ਧੜਾ ਉਠਾ ਰਿਹਾ ਹੈ। ਅਕਾਲੀ ਦਲ ਦੀ ਭਰਤੀ ਮੁਹਿੰਮ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਦੀ ਉਲੰਘਣਾ ਕਰਾਰ ਦਿੱਤਾ ਜਾ ਰਿਹਾ ਹੈ। ਇਸ ਲਈ ਸ਼੍ਰੀ ਅਕਾਲ ਤਖ਼ਤ ਸਾਹਿਬ ਦਾ ਦਖਲ ਵੀ ਮੰਗਿਆ ਜਾ ਰਿਹਾ ਹੈ। ਦੱਸ ਦਈਏ ਕਿ ਅਕਾਲੀ ਦਲ ਦੇ ਬਾਗੀ ਧੜੇ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਮਗਰੋਂ ਆਪਣੀ ਵੱਖਰੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਭੰਗ ਕਰਕੇ ਇੱਕਜੁੱਟ ਹੋਣ ਦਾ ਮਨ ਬਣਾਇਆ ਸੀ ਪਰ ਬਾਦਲ ਧੜੇ ਦੀਆਂ ਕਾਰਵਾਈਆਂ ਮਗਰੋਂ ਕਲੇਸ਼ ਮੁੜ ਵਧ ਗਿਆ ਹੈ।



ਹੁਣ ਬਾਦਲ ਧੜੇ ਵੱਲੋਂ ਅਣਗੌਲਿਆਂ ਕਰਨ ਤੋਂ ਖ਼ਫ਼ਾ ਬਾਗ.ੀ ਅਕਾਲੀ ਮੁੜ ਆਪਣੀ ਜਥੇਬੰਦੀ ਨੂੰ ਸੁਰਜੀਤ ਕਰ ਸਕਦੇ ਹਨ। ਇਸ ਸਬੰਧੀ ਉਨ੍ਹਾਂ ਵੱਲੋਂ ਜਲਦੀ ਹੀ ਮੀਟਿੰਗ ਕਰਨ ਦੀ ਸੰਭਾਵਨਾ ਹੈ। ਜੇਕਰ ਅਜਿਹਾ ਹੁੰਦਾ ਹੈ ਕਿ ਅਕਾਲੀ ਦਲ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਦਰਅਸਲ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੇ ਦੋ ਦਸੰਬਰ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਕੀਤੇ ਫ਼ੈਸਲੇ ਤੋਂ ਬਾਅਦ ਆਪਣੀ ਜਥੇਬੰਦੀ ਭੰਗ ਕਰ ਦਿੱਤੀ ਸੀ। ਇਸ ਸਬੰਧੀ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਹੁਕਮ ਦਿੱਤਾ ਗਿਆ ਸੀ ਕਿ ਇਹ ਧੜੇ ਇੱਕ ਮੰਚ 'ਤੇ ਕੰਮ ਕਰਨ। ਇਸ ਤੋਂ ਤੁਰੰਤ ਬਾਅਦ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੇ ਆਪਣੀ ਜਥੇਬੰਦੀ ਭੰਗ ਕਰਨ ਦਾ ਐਲਾਨ ਕੀਤਾ ਸੀ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਪਿਛਲੇ ਸਾਲ ਜੁਲਾਈ ਮਹੀਨੇ ਕਾਇਮ ਕੀਤਾ ਗਿਆ ਸੀ। ਬਾਗੀ ਧੜੇ ਦੇ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਇਸ ਸਬੰਧ ਵਿੱਚ ਹਮਖ਼ਿਆਲੀ ਅਕਾਲੀ ਆਗੂਆਂ ਨਾਲ ਗੱਲਬਾਤ ਚੱਲ ਰਹੀ ਹੈ। ਜਲਦੀ ਹੀ ਇਸ ਸਬੰਧੀ ਮੀਟਿੰਗ ਕਰਕੇ ਅਗਲੇਰੀ ਰਣਨੀਤੀ ਬਾਰੇ ਵਿਚਾਰ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕੋਈ ਵੀ ਕਾਰਵਾਈ ਜਾਂ ਫ਼ੈਸਲਾ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਸਹਿਮਤੀ ਨਾਲ ਹੀ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੂੰ ਭੰਗ ਕਰ ਦਿੱਤਾ ਸੀ।

## ਪੰਜਾਬ 'ਚ ਹਾਈ ਅਲਰਟ, ਪੁਲਿਸ ਮੁਲਾਜ਼ਮਾਂ ਨੂੰ ਸਖ਼ਤ ਹੁਕਮ ਜਾਰੀ

**ਚੰਡੀਗੜ੍ਹ, 22 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਗਣਤੰਤਰ ਦਿਵਸ-2025 ਦੇ ਸ਼ਾਂਤਮਈ ਪ੍ਰੋਗਰਾਮਾਂ ਨੂੰ ਯਕੀਨੀ ਬਣਾਉਣ ਲਈ, ਡੀ.ਜੀ.ਪੀ. ਗੌਰਵ ਯਾਦਵ ਨੇ ਰਾਜ ਭਰ ਵਿੱਚ ਸੁਰੱਖਿਆ ਉਪਾਅ ਅਤੇ ਪੁਲਿਸ ਦੀ ਮੌਜੂਦਗੀ ਵਧਾਉਣ ਅਤੇ ਰਾਤ ਦੇ ਆਪ੍ਰੇਸ਼ਨਾਂ ਨੂੰ ਤੇਜ਼ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਡੀ.ਜੀ.ਪੀ. ਨੇ ਸਪੈਸ਼ਲ ਡੀ.ਜੀ.ਪੀ. ਅੰਦਰੂਨੀ ਸੁਰੱਖਿਆ ਆਰ.ਐਨ. ਢੋਕੇ, ਏ.ਡੀ.ਜੀ.ਪੀ. ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏ.ਐਨ.ਟੀ.ਐਫ.) ਨੀਲਾਭ ਕਿਸ਼ੋਰ ਅਤੇ ਏ.ਡੀ.ਜੀ.ਪੀ. ਐਂਟੀ ਗੈਂਗਸਟਰ ਟਾਸਕ ਫੋਰਸ (AGTF) ਨੇ ਪ੍ਰਮੋਦ ਬਾਨ ਦੇ ਨਾਲ ਅੰਮ੍ਰਿਤਸਰ ਅਤੇ ਜਲੰਧਰ ਦਾ ਦੌਰਾ ਕੀਤਾ ਅਤੇ ਕਮਿਸ਼ਨਰੇਟ-ਅੰਮ੍ਰਿਤਸਰ ਅਤੇ ਜਲੰਧਰ ਅਤੇ ਪੁਲਿਸ ਰੇਂਜ-ਬਾਰਡਰ, ਜਲੰਧਰ ਅਤੇ ਲੁਧਿਆਣਾ ਦੇ ਅਧਿਕਾਰੀਆਂ ਨਾਲ ਕਾਨੂੰਨ ਅਤੇ ਵਿਵਸਥਾ ਦੀ ਸਮੀਖਿਆ ਮੀਟਿੰਗਾਂ ਦੀ ਪ੍ਰਧਾਨਗੀ ਕੀਤੀ। ਉਨ੍ਹਾਂ ਨੇ ਅੱਤਵਾਦ ਵਿਰੋਧੀ ਚੱਲ ਰਹੇ ਮੁਹਿੰਮਾਂ, ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਕਾਰਵਾਈ ਅਤੇ ਸੰਗਠਿਤ ਅਪਰਾਧ ਵਿਰੁੱਧ ਕਾਰਵਾਈ ਦੀ ਵੀ ਸਮੀਖਿਆ ਕੀਤੀ। ਇਸ ਦੌਰਾਨ ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕੀਤੀ ਗਈ ਅਤੇ ਗਣਤੰਤਰ ਦਿਵਸ ਸਮਾਰੋਹ ਤੋਂ ਪਹਿਲਾਂ ਸਾਰੀਆਂ ਮਹੱਤਵਪੂਰਨ ਥਾਵਾਂ 'ਤੇ ਪੁਲਿਸ ਦੀ ਮੌਜੂਦਗੀ ਨੂੰ ਯਕੀਨੀ ਬਣਾ ਕੇ, ਡੋਮਿਨੇਸ਼ਨ ਕਾਰਵਾਈਆਂ ਨੂੰ ਤੇਜ਼ ਕਰਨ ਅਤੇ ਹੋਰ ਖੁਫੀਆ ਉਪਾਅ ਕਰਨ ਲਈ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ ਲਈ ਜ਼ਰੂਰੀ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਕਰਮਚਾਰੀ ਕਿਸੇ ਵੀ ਸੰਭਾਵੀ ਖ਼ਤਰੇ ਤੋਂ ਬਚਣ ਲਈ, ਖਾਸ ਕਰਕੇ ਰਾਤ ਨੂੰ, ਲਗਾਤਾਰ ਗਸ਼ਤ ਅਤੇ ਜਾਂਚ ਕਰਨਗੇ। ਰਾਤ ਦੇ ਆਪ੍ਰੇਸ਼ਨ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਸਰਹੱਦੀ ਜ਼ਿਲ੍ਹਿਆਂ ਸਮੇਤ ਸੰਵੇਦਨਸ਼ੀਲ ਖੇਤਰਾਂ ਵਿੱਚ ਵਾਧੂ ਪੁਲਿਸ ਬਲਾਂ ਦੀ ਤਾਇਨਾਤੀ ਵੀ ਸ਼ਾਮਲ ਹੋਵੇਗੀ।



## 50 ਮੀਟਰ ਡੂੰਘੀ ਖੱਡ 'ਚ ਡਿੱਗਿਆ ਟਰੱਕ, 11 ਲੋਕਾਂ ਦੀ ਮੌਤ



**ਯੇਲਾਪੁਰਾ, 22 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਬੁੱਧਵਾਰ ਸਵੇਰੇ ਇਕ ਟਰੱਕ ਦੇ 50 ਮੀਟਰ ਡੂੰਘੀ ਖੱਡ 'ਚ ਡਿੱਗਣ ਨਾਲ ਘੱਟੋ-ਘੱਟ 11 ਲੋਕਾਂ ਦੀ ਮੌਤ ਹੋ ਗਈ ਅਤੇ 9 ਹੋਰ ਜ਼ਖ਼ਮੀ ਹੋ ਗਏ। ਪੁਲਸ ਦੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਇਹ ਹਾਦਸਾ ਕਰਨਾਟਕ 'ਚ ਵਾਪਰਿਆ। ਉੱਤਰ ਕੰਨੜ ਦੇ ਪੁਲਸ ਸੁਪਰਡੈਂਟ (ਐੱਸਪੀ) ਐੱਮ. ਨਾਰਾਇਣ ਨੇ ਦੱਸਿਆ ਕਿ ਸਾਰੇ ਪੀੜਤ ਫਲ ਵਪਾਰੀ ਸਨ ਅਤੇ ਸਾਵਨੂਰ ਤੋਂ ਯੇਲਾਪੁਰਾ ਮੇਲੇ 'ਚ ਫਲ ਵੇਚਣ ਲਈ ਜਾ ਰਹੇ ਸਨ। ਸਾਵਨੂਰ-ਹੁਬਲੀ ਮਾਰਗ 'ਤੇ ਜੰਗਲੀ ਖੇਤਰ ਤੋਂ ਲੰਘਣ ਦੌਰਾਨ ਇਹ ਹਾਦਸਾ ਵਾਪਰਿਆ। ਨਾਰਾਇਣ ਨੇ ਦੱਸਿਆ,"ਸਵੇਰੇ ਕਰੀਬ 5.30 ਵਜੇ ਟਰੱਕ ਡਰਾਈਵਰ ਨੇ ਦੂਜੇ ਵਾਹਨ ਨੂੰ ਜਗ੍ਹਾ ਦੇਣ ਦੀ ਕੋਸ਼ਿਸ਼ 'ਚ ਟਰੱਕ ਨੂੰ ਖੱਬੇ ਪਾਸੇ ਮੋੜਿਆ ਸੀ ਪਰ ਵਾਹਨ ਜ਼ਿਆਦਾ ਮੁੜਣ ਕਾਰਨ ਕਰੀਬ 50 ਮੀਟਰ ਡੂੰਘੀ ਖੱਡ 'ਚ ਜਾ ਡਿੱਗਿਆ।" ਉਨ੍ਹਾਂ ਕਿਹਾ ਕਿ ਸੜਕ 'ਤੇ ਖੱਡ ਵੱਲ ਕੋਈ ਸੁਰੱਖਿਆ ਕੰਧ ਨਹੀਂ ਹੈ। ਅਧਿਕਾਰੀ ਨੇ ਦੱਸਿਆ,"11 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ 9 ਹੋਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਹੁਬਲੀ ਦੇ ਕਰਨਾਟਕ ਮੈਡੀਕਲ ਕਾਲਜ ਅਤੇ ਖੋਜ ਸੰਸਥਾ (ਕੇਆਈਐੱਮਐੱਸ) ਹਸਪਤਾਲ 'ਚ ਇਲਾਜ ਲਈ ਦਾਖ਼ਲ ਕਰਵਾਇਆ ਗਿਆ ਹੈ।"

**ਪਟੜੀ 'ਤੇ ਖੜ੍ਹੇ ਲੋਕਾਂ 'ਤੇ ਚੜ੍ਹ ਗਈ ਐਕਸਪ੍ਰੈਸ ਰੇਲ :** ਮਹਾਰਾਸ਼ਟਰ ਦੇ ਜਲਗਾਂਵ ਵਿੱਚ ਇੱਕ ਵੱਡਾ ਰੇਲ ਹਾਦਸਾ ਵਾਪਰਿਆ ਹੈ। ਪਾਰਧਾਡੇ ਰੇਲਵੇ ਸਟੇਸ਼ਨ ਨੇੜੇ ਪੁਸ਼ਪਕ ਐਕਸਪ੍ਰੈਸ ਵਿੱਚ ਅੱਗ ਲੱਗਣ ਦੀ ਅਫਵਾਹ ਫੈਲਣ ਤੋਂ ਬਾਅਦ ਹਫੜਾ-ਦਫੜੀ ਮਚ ਗਈ। ਯਾਤਰੀਆਂ ਨੇ ਚੇਨ ਖਿੱਚ ਲਈ ਅਤੇ ਟ੍ਰੇਨ ਤੋਂ ਛਾਲਾਂ ਮਾਰਨ ਲੱਗ ਪਏ। ਇਸ ਦੌਰਾਨ ਯਾਤਰੀ ਦੂਜੇ ਟਰੈਕ 'ਤੇ ਆ ਰਹੀ ਕਰਨਾਟਕ ਐਕਸਪ੍ਰੈਸ ਦੀ ਲਪੇਟ ਵਿੱਚ ਆ ਗਏ। ਇਸ ਹਾਦਸੇ ਵਿੱਚ 8 ਯਾਤਰੀਆਂ ਦੀ ਮੌਤ ਦੀ ਖ਼ਬਰ ਹੈ। ਜਦੋਂ ਕਿ ਕਈ ਯਾਤਰੀ ਜ਼ਖਮੀ ਹੋ ਗਏ। ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਰੇਲਵੇ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਹਨ। ਇਕ ਨਿਊਜ਼ ਏਜੰਸੀ ਦੇ ਅਨੁਸਾਰ, ਇਸ ਹਾਦਸੇ ਵਿੱਚ 8 ਲੋਕਾਂ ਦੀ ਮੌਤ ਹੋ ਗਈ ਹੈ। ਰੇਲਗੱਡੀ ਵਿੱਚ ਅੱਗ ਲੱਗਣ ਦੀ ਅਫਵਾਹ ਕਾਰਨ ਕੁਝ ਯਾਤਰੀਆਂ ਨੇ ਜਲਗਾਂਵ ਤੋਂ 20 ਕਿਲੋਮੀਟਰ ਦੂਰ ਪੁਸ਼ਪਕ ਐਕਸਪ੍ਰੈਸ ਤੋਂ ਛਾਲ ਮਾਰ ਦਿੱਤੀ। ਫਿਲਹਾਲ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਹੁਣ ਤੱਕ ਕਿੰਨੇ ਯਾਤਰੀਆਂ ਦੀ ਮੌਤ ਹੋਈ ਹੈ।

## ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਸ਼ੁਰੂ, ਹੋਣ ਲੱਗੀਆਂ ਗ੍ਰਿਫਤਾਰੀਆਂ

**ਨਿਊਯਾਰਕ, , 22 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਡੋਨਾਲਡ ਟਰੰਪ ਦੇ ਸੋਮਵਾਰ ਨੂੰ ਅਮਰੀਕਾ ਦਾ 47ਵਾਂ ਰਾਸ਼ਟਰਪਤੀ ਬਣਨ ਤੋਂ ਬਾਅਦ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਵੱਡੇ ਪੱਧਰ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਸਬੰਧ ਵਿੱਚ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਨੇ ਨਿਊਯਾਰਕ ਵਿੱਚ 4 ਬੰਗਲਾਦੇਸ਼ੀਆਂ ਨੂੰ ਗ੍ਰਿਫਤਾਰ ਕੀਤਾ। ਬੰਗਲਾਦੇਸ਼ ਦੇ ਪ੍ਰਮੁੱਖ ਰੋਜ਼ਾਨਾ ਅਖ਼ਬਾਰ ਪ੍ਰੋਥਮ ਆਲੋ ਨੇ ਬੁੱਧਵਾਰ ਨੂੰ ਰਿਪੋਰਟ ਦਿੱਤੀ ਕਿ 4 ਬੰਗਲਾਦੇਸ਼ੀਆਂ ਨੂੰ ਆਈ.ਸੀ.ਈ. ਨੇ ਨਿਊਯਾਰਕ ਦੇ ਬਰੁਕਲਿਨ ਬੋਰੋ ਦੇ ਫੁਲਟਨ ਖੇਤਰ ਤੋਂ ਗ੍ਰਿਫ਼ਤਾਰ ਕੀਤਾ ਹੈ। ਰਿਪੋਰਟ ਅਨੁਸਾਰ ਟਰੰਪ ਦੇ ਸਹੁੰ ਚੁੱਕਣ ਅਤੇ ਇਮੀਗ੍ਰੇਸ਼ਨ ਨਾਲ ਸਬੰਧਤ ਕਾਰਜਕਾਰੀ ਆਦੇਸ਼ਾਂ ਦੀ ਇੱਕ ਲੜੀ



ਪਾਸ ਕਰਨ ਤੋਂ ਬਾਅਦ ਗੈਰ-ਕਾਨੂੰਨੀ ਪ੍ਰਵਾਸੀ "ਡਰ" ਵਿੱਚ ਜੀ ਰਹੇ ਹਨ। ਅਖ਼ਬਾਰ ਨੇ ਰਿਪੋਰਟ ਦਿੱਤੀ ਕਿ 'ਇਹ ਦੇਖਿਆ ਗਿਆ ਹੈ ਕਿ ਬੰਗਾਲੀ ਬਹੁਲਤਾ ਵਾਲੇ ਇਲਾਕਿਆਂ ਦੀਆਂ ਸੜਕਾਂ ਅਤੇ ਰੈਸਟੋਰੈਂਟ, ਜੋ ਪਹਿਲਾਂ ਲੋਕਾਂ ਨਾਲ ਭਰੇ ਹੁੰਦੇ ਸਨ, ਹੁਣ ਲਗਭਗ ਪੂਰੀ ਤਰ੍ਹਾਂ ਖਾਲੀ ਹਨ। ਸੁਰੱਖਿਆ ਪ੍ਰਬੰਧ ਪਹਿਲਾਂ ਹੀ ਮਜ਼ਬੂਤ ਕਰ ਦਿੱਤੇ ਗਏ ਹਨ। ਰਿਪੋਰਟ ਵਿੱਚ ਨਿਊਯਾਰਕ ਵਿੱਚ ਪ੍ਰਵਾਸੀਆਂ ਨਾਲ ਕੰਮ ਕਰਨ ਵਾਲੀ ਕਾਨੂੰਨ ਲਾਗੂ ਕਰਨ ਵਾਲੀ ਅਧਿਕਾਰੀ ਖਦੀਜਾ ਮੁਨਤਾਹਾ ਰੂਬਾ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਬਿਨਾਂ ਦਸਤਾਵੇਜ਼ਾਂ ਵਾਲੇ ਬੰਗਲਾਦੇਸ਼ੀਆਂ ਨੂੰ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ, ਜਦੋਂ ਉਹ ਇਲਾਕੇ ਵਿੱਚ "ਘੁੰਮ" ਰਹੇ ਸਨ। ਮੁਨਤਾਹਾ ਨੇ ਬੰਗਲਾਦੇਸ਼ੀਆਂ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਜੇਕਰ ਕਿਸੇ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦੇ ਮੈਂਬਰ ਉਨ੍ਹਾਂ ਤੋਂ ਪੁੱਛਗਿੱਛ ਕਰਦੇ ਹਨ ਤਾਂ ਉਨ੍ਹਾਂ ਨੂੰ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਕਿਸੇ ਹੋਰ ਦੇ ਵਰਕ ਪਰਮਿਟ ਨਾਲ ਕੰਮ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ। ਇਸ ਔਖੇ ਸਮੇਂ ਦੌਰਾਨ, ਉਨ੍ਹਾਂ ਨੂੰ ਬੇਲੋੜੀ ਪੁਲਸ ਜਾਂ ਹੋਰ ਵਿਵਾਦਾਂ ਅਤੇ ਮੁਸੀਬਤਾਂ ਵਿੱਚ ਨਹੀਂ ਪੈਣਾ ਚਾਹੀਦਾ। 20 ਜਨਵਰੀ ਨੂੰ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਦਸਤਖਤ ਕੀਤੇ ਗਏ ਇੱਕ ਕਾਰਜਕਾਰੀ ਆਦੇਸ਼ ਵਿੱਚ ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਪਿਛਲੇ 4 ਸਾਲਾਂ ਵਿੱਚ, ਪਿਛਲੇ ਪ੍ਰਸ਼ਾਸਨ ਨੇ ਅਮਰੀਕਾ ਵਿੱਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੇ ਇੱਕ ਬੇਮਿਸਾਲ ਹੜ੍ਹ ਨੂੰ 'ਸੱਦਾ' ਦਿੱਤਾ। ਲੱਖਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੇ ਸਾਡੀਆਂ ਸਰਹੱਦਾਂ ਪਾਰ ਕੀਤੀਆਂ ਜਾਂ ਉਨ੍ਹਾਂ ਨੂੰ ਵਪਾਰਕ ਉਡਾਣਾਂ 'ਤੇ ਸਿੱਧੇ ਸੰਯੁਕਤ ਰਾਜ ਅਮਰੀਕਾ ਆਉਣ ਅਤੇ ਅਮਰੀਕੀ ਭਾਈਚਾਰਿਆਂ ਵਿੱਚ ਵਸਣ ਦੀ ਇਜਾਜ਼ਤ ਦਿੱਤੀ ਗਈ, ਜੋ ਕਿ ਲੰਬੇ ਸਮੇਂ ਤੋਂ ਚੱਲ ਰਹੇ ਸੰਘੀ ਕਾਨੂੰਨਾਂ ਦੀ ਉਲੰਘਣਾ ਹੈ। ਪਿਛਲੇ ਕੁਝ ਦਹਾਕਿਆਂ ਤੋਂ ਅਮਰੀਕਾ ਆਉਣ ਵਾਲੇ ਬੰਗਲਾਦੇਸ਼ੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਕਈ ਹਾਲੀਆ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਬੰਗਲਾਦੇਸ਼ੀ ਨਿਊਯਾਰਕ ਸਿਟੀ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਹੇ ਏਸ਼ੀਆਈ ਨਸਲੀ ਸਮੂਹਾਂ ਵਿੱਚੋਂ ਇੱਕ ਹਨ।

## ਜਗਜੀਤ ਡੱਲੇਵਾਲ ਨੂੰ ਲਿਆਂਦਾ ਗਿਆ ਟਰਾਲੀ ਤੋਂ ਬਾਹਰ, ਸਰੀਰ ਦੇ ਲਈ ਜ਼ਰੂਰੀ ਤਾਜ਼ੀ ਹਵਾ ਅਤੇ ਧੁੱਪ, ਡਾਕਟਰ ਹਰ ਪਲ ਨਾਲ

**ਪਟਿਆਲਾ, 22 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ-ਹਰਿਆਣਾ ਦੀ ਖਨੌਰੀ ਸਰਹੱਦ 'ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਭੁੱਖ ਹੜਤਾਲ ਦਾ ਅੱਜ 58ਵਾਂ ਦਿਨ ਹੈ। ਜਗਜੀਤ ਸਿੰਘ ਡੱਲੇਵਾਲ ਨੂੰ ਤਾਜ਼ਾ ਹਵਾ ਅਤੇ ਧੁੱਪ ਲਈ ਬਾਹਰ ਲਿਆਂਦਾ ਗਿਆ ਹੈ। ਡਾਕਟਰਾਂ ਦੀ ਅਪੀਲ ਉੱਤੇ ਡੱਲੇਵਾਲ ਨੂੰ ਬਾਹਰ ਲਿਆਂਦਾ ਗਿਆ ਹੈ, ਕਿਉਂਕਿ ਉਨ੍ਹਾਂ ਦੀ ਸਿਹਤ ਦੇ ਲਈ ਧੁੱਪ ਅਤੇ ਤਾਜ਼ੀ ਹਵਾ ਜ਼ਰੂਰੀ ਹੈ ਕਿਉਂਕਿ ਉਨ੍ਹਾਂ ਦੇ ਸਰੀਰ ਦੇ ਵਿੱਚ ਇਸ ਦੀ ਕਮੀ ਸੀ। ਜਗਜੀਤ ਸਿੰਘ ਡੱਲੇਵਾਲ ਲਈ ਸਪੈਸ਼ਲ ਕਮਰਾ ਤਿਆਰ ਕੀਤਾ ਗਿਆ ਹੈ।ਇਸ ਸਮੇਂ ਉਨ੍ਹਾਂ ਨੂੰ ਮੋਰਚੇ ਵਾਲੀ ਸਟੇਜ ਦੇ ਨੇੜੇ ਹੀ ਇਕ ਨਿੱਜੀ ਹੋਟਲ ਦੇ ਬਾਹਰ ਖੁੱਲੀ ਹਵਾ ਤੇ ਧੁੱਪ ਦੀ ਰੋਸ਼ਨੀ ਵਿਚ ਰੱਖਿਆ ਗਿਆ ਹੈ ਤੇ ਜਗਜੀਤ ਸਿੰਘ ਡੱਲੇਵਾਲ ਨੇ ਮੈਡੀਕਲ ਸਹੂਲਤ ਵੀ ਲੈਣੀ ਸ਼ੁਰੂ ਕਰ ਦਿੱਤੀ ਹੈ। ਸਿਵਲ ਸਰਜਨ ਪਟਿਆਲਾ ਡਾ. ਦਵਿੰਦਰਪਾਲ ਸਿੰਘ ਦੀ ਅਗਵਾਈ ਹੇਠ ਮੌਕੇ 'ਤੇ ਮੌਜੂਦ ਮਾਹਰ ਡਾਕਟਰਾਂ ਨੇ ਉਨ੍ਹਾਂ ਨੂੰ ਗੁਲੂਕੋਜ਼ ਡਰਿੱਪ ਲਾਈ ਹੈ। ਦੱਸ ਦਈਏ ਕਿ ਟਰਾਲੀ ਨੂੰ ਡੱਲੇਵਾਲ ਲਈ ਇੱਕ ਕਮਰੇ ਵਿੱਚ ਬਦਲ ਦਿੱਤਾ ਗਿਆ ਹੈ। ਇਸ ਵਿੱਚ ਸ਼ੀਸ਼ੇ ਲਗਾਏ ਗਏ ਹਨ ਜਿਨ੍ਹਾਂ ਰਾਹੀਂ ਡੱਲੇਵਾਲ ਸੂਰਜ ਦੀ ਰੌਸ਼ਨੀ ਪ੍ਰਾਪਤ ਕਰ ਸਕਣਗੇ। ਮਾਹਿਰਾਂ ਦੀ ਟੀਮ ਟਰਾਲੀ ਦੇ ਆਲੇ-ਦੁਆਲੇ ਦੇ ਖੇਤਰ ਨੂੰ ਬੈਕਟੀਰੀਆ ਮੁਕਤ ਬਣਾਉਣ ਲਈ ਸਫਾਈ ਅਤੇ ਦਵਾਈਆਂ ਦਾ ਛਿੜਕਾਅ ਕੀਤਾ ਹੈ। ਮਰਨ ਵਰਤ 'ਤੇ ਰਹਿਣ ਕਾਰਨ ਡੱਲੇਵਾਲ ਦੇ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਕਾਫੀ ਘੱਟ ਗਈ ਹੈ। ਕੋਹਾੜ ਨੇ ਦੱਸਿਆ ਕਿ ਇਹ ਟਰਾਲੀ ਖਨੌਰੀ ਸਰਹੱਦ 'ਤੇ ਸਟੇਜ ਦੇ ਨੇੜੇ ਲਗਾਈ ਗਈ ਹੈ। ਇਸ ਦੇ ਨਾਲ ਹੀ ਕੰਡਿਆਲੀ ਤਾਰ ਵੀ ਲਗਾਈ ਜਾਵੇਗੀ, ਤਾਂ ਜੋ ਜੇਕਰ ਡੱਲੇਵਾਲ ਬਾਹਰ ਆ ਕੇ ਧੁੱਪ ਸੇਕਣ ਚਾਹੁੰਦੇ ਹਨ ਤਾਂ ਆ ਸਕਣ। ਕਿਸਾਨ ਆਗੂ ਕੋਹਾੜ ਨੇ ਕਿਹਾ ਕਿ ਤਿਆਰ ਕੀਤਾ ਗਿਆ ਵਿਸ਼ੇਸ਼ ਕਮਰਾ ਸਾਊਂਡ ਪਰੂਫ ਹੈ। ਇਸ ਨੂੰ ਹਵਾਦਾਰ ਬਣਾਇਆ ਗਿਆ ਹੈ, ਤਾਂ ਜੋ ਡੱਲੇਵਾਲ ਨੂੰ ਲੋੜੀਂਦੀ ਤਾਜ਼ੀ ਹਵਾ ਵੀ ਮਿਲ ਸਕੇ। ਕਮਰੇ ਵਿੱਚ ਇਨਵਰਟਰ, ਬਾਥਰੂਮ ਅਤੇ ਰਸੋਈ ਦੀ ਸੁਵਿਧਾ ਵੀ ਹੈ। ਸ਼ੀਸ਼ੇ ਵੀ ਲਗਾਏ ਗਏ ਹਨ ਤਾਂ ਜੋ ਡੱਲੇਵਾਲ ਨੂੰ ਧੁੱਪ ਮਿਲ ਸਕੇ। ਕਿਸਾਨ ਆਗੂ ਕੋਹਾੜ ਨੇ ਕਿਹਾ ਕਿ ਕਮਰਾ ਸਾਊਂਡ ਪਰੂਫ ਹੋਣ ਕਰਕੇ ਸਟੇਜ ਦੇ ਬਾਹਰੋਂ ਆ ਰਹੀਆਂ ਉੱਚੀਆਂ ਆਵਾਜ਼ਾਂ ਡੱਲੇਵਾਲ ਨੂੰ ਪ੍ਰੇਸ਼ਾਨ ਨਹੀਂ ਹੋਣਗੀਆਂ।



# AWAZE QAUM TOUR & TRAVEL UK & SINGH TRAVEL CANADA JATHA

15 ਸਾਲ ਤੋਂ ਸੰਗਤਾਂ ਦੀ ਸੇਵਾ ਕਰ ਰਹੇ ਹਾਂ - YATRA SEWA SINCE 2010

# YATRA NANKANA SAHIB

WE WILL ALSO BE VISITING 25+ GURDWARA'S AND HISTORICAL PLACES

## 20 FEBRUARY TO 27 FEBRUARY, 2025

UK, EUROPE, ITALY, CANADA, USA SANGAT CAN JOIN OUR JATHA WITH FAMILIES & FRIENDS









## YATRA INCLUDES:

- GURDWARA NANKANA SAHIB
- GURDWARA PATTI SAHIB
- GURDWARA TAMBU SAHIB
- GURDWARA KIARA SAHIB
- GURDWARA MALJI SAHIB
- GURDWARA BAL LILA SAHIB
- GURDWARA SACHA SAUDA
- GURDWARA RORI SAHIB
- GURDWARA PANJA SAHIB
- GURDWARA BEBE DI BER SIALKOT
- GURDWARA DERA SAHIB
- JANAM ASTHAN BEBE NANKI JI
- BHAI LALU JI DA GHAR
- JANAM ASTHAN GURU RAMDAS JI
- GURDWARA SHRI KARTARPUR SAHIB
- GURDWARA SHAHEED GANJ LAHORE
- MATA SAHIB KAUR JI JANAM ASTHAN
- DARBAR SAI MIAN MIR JI
- SHAHI QILA (SIKH FORT)
- SHOPPING AT ANARKALI BAZAR

Yatra Booking, Please contact:

## RAGHBIR SINGH

Tel: +44 7976 210161


## YATRA PACKAGE INCLUDES:

PAKISTAN VISA + HOTEL (TWIN SHARED) + LUXURY TRANSPORT + VEG FOOD + MINERAL WATER + TRIP YATRA PHOTO & VIDEOS + WiFi & MUCH MORE

CANADA. +1 647-231-1600 - USA. +1 716-342-6007

**ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।**

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਧਨੁ ਸਚੀ ਟਕਸਾਲ ॥ ਦਮਦਮੀ ਟਕਸਾਲ

ਨਾਮ ਜਪੋ / ਕਿਰਤ ਕਰੋ / ਵੰਡ ਛੱਕੋ — Naam Japo / Kirat Karo / Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ — WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**

Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**

Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**

Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**

Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net



**ਆਵਾਜ਼ਿ ਕੌਮ**

Daily Newspaper from U.K.

Publisher/Chief Editor
***Raghbir Singh Walsal***
E-mail : awazeqaumtv@gmail.com

www.awazeqaumtv.com

for **AWAZE QAUM** Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ


ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਤੇਰੇ ਜਨ ਪਰਉਪਕਾਰੀ ਆਏ

**ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼ ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ**

**100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ**

**51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ**



ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ

ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।

ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473



ਮਹੰਤ ਕਾਹਨ ਸਿੰਘ ਸੇਵਾਪੰਥੀ



ਸੰਤ ਰਣਜੀਤ ਸਿੰਘ ਸੇਵਾਪੰਥੀ

ਵਿਸ਼ੇਸ਼ ਸਹਿਯੋਗ -

**ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ**

ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸੱਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ





# ਸੰਤ ਅਤਰ ਸਿੰਘ ਰੇਰੂ ਸਾਹਿਬ

ਸੰਤ ਅਤਰ ਸਿੰਘ ਰੇਰੂ ਸਾਹਿਬ (1867-1927)

ਜਿੰਨਾ ਦੀ ਸ਼ਰਨ ਵਿਚ ਰਾਜ-ਭਾਗ ਛੱਡ ਸੰਤ ਈਸ਼ਰ ਸਿੰਘ ਸਾਧੂ ਹੋਏ,ਜਿੰਨਾ ਦੇ ਆਸ਼ੀਰਵਾਦ ਸਦਕਾ ਭਗਤ ਪੂਰਨ ਸਿੰਘ ਸਿੱਖ ਸਜੇ। ਸੰਤ ਅਤਰ ਸਿੰਘ ਰੇਰੂ ਸਾਹਿਬ ਪਟਿਆਲ ਵਿਖੇ ਗੁਰਬਾਣੀ ਕੀਰਤਨ ਤੇ ਹਾਜਰੀ ਭਰ ਰਹੇ ਸਨ ਕਾਲਜ ਜਾਂਦੇ ਕੁਝ ਨੌਜਵਾਨਾਂ ਦੇ ਕੰਨੀ ਪੈ ਗਈ ਰਸਭਿੰਨੀ ਅਵਾਜ ਵਾਲੇ ਸੰਤਾਂ ਦੇ ਦਰਸਨ ਕਰਨ ਦਾ ਮਨ ਬਣਾ ਕੇ ਨੌਜਵਾਨ ਸੰਤਾਂ ਕੋਲ ਪਹੁੰਚ ਗਏ ਸਮਾਪਤੀ ਤੋਂ ਬਾਅਦ ਬੇਨਤੀ ਕੀਤੀ ਮਹਾਂਪੁਰਸ਼ੋ ਮਨ ਅਨੰਦਿਤ ਹੈ ਸੰਸਾਰ ਤੇ ਕੁਝ ਨਹੀ ਹੈ ਕੀਰਤਨ ਦੀ ਦਾਤ ਝੋਲ ਪਾ ਦਿਓ । ਬੇਨਤੀ ਕਰਨ ਵਾਲੇ ਨੌਜਵਾਨ ਨੂੰ ਮਹਾਂਪੁਰਸ਼ ਕਹਿਣ ਲੱਗੇ ਸਿੰਘਾ ਆਹ ਰੇਸ਼ਮੀ ਕੱਪੜੇ,ਮਹਿਗੇ ਜੋੜੇ ਅਮੀਰੀ ਤਿਆਗਣੀ ਪਵੇਗੀ ਜਥੇ ਵਿਚ ਰਹਿ ਕੇ ਕੇਵਲ ਕਛਹਿਰਾ ਤੇ ਚੋਲ੍ਹਾ ਮਿਲੇਗਾ ਫੈਸਲਾ ਕਰ ਲਓ ਘਰੋਂ ਪੜ੍ਹਨ

ਆਵਾਜ਼ਿ ਕੌਮ AWAZE QAUM
International Newspaper & WEB TV

ਆਏ ਨੌਜਵਾਨ ਦੇ ਪਿਤਾ ਜੀ ਸਰਕਾਰੀ ਅਫਸਰ ਸਨ ਮਹਿੰਗੀਆਂ ਜ਼ਮੀਨਾਂ ਜਾਇਦਾਦਾਂ ਦੇ ਮਾਲਕ ਸਰਦਾਰਾਂ ਦੇ ਪੁੱਤ ਦਾ ਵੈਰਾਗ ਜਾਗ ਪਿਆ,ਕਹਿੰਦਾ ਸੰਤ ਜੀ ਜੇ ਤੁਹਾਡੀ ਕਿਰਪਾ ਹੋਈ ਤਾਂ ਸਭ ਛੱਡ ਦਿਆਂਗਾ ।ਘਰ ਜਾ ਕੇ ਦੱਸਿਆ ਪਿਤਾ ਨੇ ਬਹੁਤ ਜੋਰ ਲਾਇਆ ਪੁੱਤ ਸਾਧ ਨਾ ਬਣ ਛੱਡ ਆਪਣੇ ਕੋਲ ਕਿਹੜੀ ਕੋਈ ਕਮੀ ਹੈ, ਪਰ ਸੱਚੇ ਸਾਧੂ ਦੀ ਇਕ ਝਲ੍ਹਕ ਨਦਰਿ ਦਾ ਕਾਇਲ ਨੌਜਵਾਨ ਪੱਕਾ ਜਥੇ ਚ ਆਣ ਸ਼ਾਮਲ ਹੋਇਆ,ਨੌਜਵਾਨ ਕੋਈ ਹੋਰ ਨਹੀ ਸੰਤ ਈਸ਼ਰ ਸਿੰਘ ਰਾੜ੍ਹਾ ਸਾਹਿਬ ਵਾਲੇ ਮਹਾਂਪੁਰਖ ਸਨ ਜੋ ਪਿਛਲੀ ਸਦੀ ਦੇ ਇਕ ਯੁੱਗ ਪੁਰਸ਼ ਮਹਾਂਪੁਰਸ਼ ਹੋਏ ਦੇਹਧਾਰੀ ਗੁਰੂਡੰਮ ਦੇ ਵਿਚ ਘਿਰੇ ਮਾਲਵੇ ਖੇਤਰ ਵਿਚ ਗੁਰਸਿੱਖੀ ਗੁਰਮਤਿ ਪ੍ਰਚਾਰ ਲਈ ਉਨ੍ਹਾਂ ਦੀ ਦੇਣ ਅਥਾਹ ਰਹੀ। ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਰੇਰੂ ਸਾਹਿਬ ਵਿਖੇ ਬਾਬਾ ਅਤਰ ਸਿੰਘ ਸੇਵਾ ਕਰਵਾ ਰਹੇ ਸਨ,ਹਿੰਦੂ ਪਰਿਵਾਰ ਦਾ ਇਕ ਬਾਲਕ ਗੁਰਦੁਆਰਾ ਸਾਹਿਬ ਪ੍ਰਸ਼ਾਦਾ ਛਕਣ ਆਇਆ ਜਿਸਦਾ ਪਿਤਾ ਲੁਧਿਆਣੇ ਦਾ ਨਾਮੀ ਸੇਠ ਸੀ। ਪਰ ਵਪਾਰ ਚੋਂ ਘਾਟਾ ਪੈਣ ਕਰਕੇ ਚੱਲ ਵਸਿਆ ਵੱਸਦਾ ਘਰ ਗੁਰਬਤ ਦਾ ਸ਼ਿਕਾਰ ਹੋ ਗਿਆ। ਮਾਂ ਨੂੰ ਜਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਦਿਆਂ ਪਿੰਡ ਛੱਡ ਲਾਹੌਰ ਕਿਸੇ ਸੇਠ ਦੇ ਘਰ ਨੌਕਰੀ ਕਰਨੀ ਪਈ। ਲਾਡਾਂ ਨਾਲ ਪਲ੍ਹਿਆ ਇਹ ਬਾਲਕ ਅੱਜ ਅਨਾਥਾਂ ਵਾਂਗ ਸ਼ੜ੍ਹਕਾਂ ਤੇ ਤੁਰਿਆ ਫਿਰਦਾ,ਭੁੱਖ ਲੱਗੀ ਇਕ ਮੰਦਿਰ ਵਿਚ ਗਿਆ ਪੁਜਾਰੀਆਂ ਕਿਹਾ ਪਹਿਲਾਂ ਪੰਡਿਤ ਜੀ ਪ੍ਰਸ਼ਾਦਾ ਛਕਣਗੇ ਬਾਅਦ ਵਿਚ ਸਭ ਨੂੰ ਵਰਤਾਇਆ ਜਾਵੇਗਾ,ਉਥੋਂ ਨਿਰਾਸ਼ ਅੱਗੇ ਨਿਕਲ ਆਇਆ ਸ਼ੜਕੇ ਸ਼ੜਕ ਤੁਰਦਿਆ ਗੁਰਦੁਆਰਾ ਰੇਰੂ ਸਾਹਿਬ ਪਹੁੰਚ ਗਿਆ। ਬਾਲਕ ਨੇ ਗੁਰਦੁਆਰਾ ਰੇਰੂ ਸਾਹਿਬ ਦੇ ਲੰਗਰ ਚੋਂ ਪ੍ਰਸ਼ਾਦਾ ਛਕਿਆ ਪਾਣੀ ਦੀ ਥਾਂ ਦੁੱਧ ਲੱਸੀ ਵਰਤ ਰਹੀ ਸੀ। ਮਹਾਂਪੁਰਸ਼ ਆਪ ਹੱਥੀ ਪਸ਼ੂਆ ਨੂੰ ਪੱਠੇ ਪਾਂਉਦੇ,ਦੁੱਧ ਚੋਂਦੇ,ਬਿਲਡਿੰਗਾ ਦੀ ਸੇਵਾ ਕਰਵਾਂਉਦੇ ਗੁਰਬਾਣੀਂ ਪੜ੍ਹਦੇ ਗੁਰਸ਼ਬਦ ਵਿਚਾਰ ਦੀ ਕਥਾ ਕਰਦੇ ਇਸ ਬਾਲਕ ਤੇ ਮਹਾਂਪੁਰਸ਼ਾਂ ਦਾ ਐਸਾ ਦੈਵੀ ਪ੍ਰਭਾਵ ਪਿਆ ਕਿ ਇਸਨੇ ਸਿੱਖ ਬਣ੍ਹਨ ਦਾ ਮਨ ਬਣਾ ਲਿਆ। ਗੁਰਸਿੱਖੀ ਧਾਰਨ ਕਰਕੇ ਸਿੱਖ ਸਜੇ ਬਾਲਕ ਨੇ ਐਸੀ ਘਾਲਣਾ ਘਾਲ੍ਹੀ ਕਿ ਯੁਗ ਪੁਰਸ਼ ਹੋ ਨਿਬੜਿਆ ਇਹ ਬਾਲਕ ਕੋਈ ਹੋਰ ਨਹੀ ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਸਨ ਜਿਨ੍ਹਾਂ ਦੀ ਸੇਵਾ ਘਾਲਣਾ ਨੇ ਪੰਥ ਦਾ ਨਾਮ ਵਿਸ਼ਵ ਵਿਚ ਰੌਸ਼ਨ ਕੀਤਾ ਜਿੰਨਾ ਦਾ ਵਰਤਮਾਨ ਵਿਚ ਕੋਈ ਸਾਨੀ ਹੀ ਨਹੀ । ਭਗਤ ਜੀ ਪੰਥ ਨੂੰ ਉਨਾ ਸੰਪ੍ਰਦਾਵਾਂ ਦੀ ਦੇਣ ਹਨ ਜਿੰਨਾ ਬਾਰੇ ਪਿਛਲੇ ਦੋ ਢਾਈ ਦਹਾਕਿਆਂ ਤੋਂ ਸਰਕਾਰੀ ਪ੍ਰਚਾਰਕਾਂ ਦੇ ਆਕਾ ਕਾਲਾ ਅਫਗਾਨਾ ਪੱਖੀ ਮਿਸ਼ਨਰੀ ਕੂੜ ਪ੍ਰਚਾਰ ਕਰ ਰਹੇ ਹਨ। ਜਦਕਿ ਮਾਲਵੇ ਦੇ ਏਨਾ ਸੰਤਾਂ ਨੇ ਸਿੱਖੀ ਦੇ ਬੂਟੇ ਨੂੰ ਉਮਰ ਭਰ ਦੀਆਂ ਘਾਲ੍ਹਣਾਵਾਂ ਘਾਲ੍ਹ ਕੇ ਇਕ ਸਦੀ ਪਹਿਲਾਂ ਉਨਾ ਦਿਨਾਂ ਵਿਚ ਸਿੰਜਿਆ ਅੱਜ ਸਿੱਖੀ ਦੇ ਗੜ੍ਹ ਮੰਨੇ ਜਾਂਦੇ ਅੰਮ੍ਰਿਤਸਰ ਗੁਰਦਾਸਪਰ ਵਰਗੇ ਜ਼ਿਲ੍ਹੇ ਦੇ ਪਿੰਡਾਂ ਵਿਚ ਧੜਾਧੜ ਚਰਚਾਂ ਬਣ ਰਹੀਆਂ ਹਨ,ਔਰ ਇਹ ਰਾਤੋ-ਰਾਤ ਨਹੀ ਬਲਕਿ ਧਾਰਮਿਕ ਖੇਤਰ ਵਿਚ ਗੁਰਮਤਿ ਦੇ ਉਲਟ ਧਾਰਮਿਕ ਆਗੂ ਬਣ ਬੈਠੇ ਲੋਕਾਂ ਵਲੋਂ ਕੌਮ ਨੂੰ ਪਿੱਠ ਦੇਣ ਤੋਂ ਬਾਅਦ ਵਰਤਿਆ ਵਰਤਾਰਾ ਹੈ । 1984 ਤੋਂ ਬਾਅਦ ਏਜੰਸੀਆਂ ਦੇ ਏਜੰਡੇ ਤਹਿਤ ਸੰਤਾਂ,ਮਹਾਂਪੁਰਸ਼ਾਂ,ਸੰਪ੍ਰਦਾਵਾਂ ਨੂੰ ਪਿੱਠ ਦੇਣ ਦਾ ਰੁਝਾਂਨ ਅੱਜ ਸਿਖਰਾਂ ਛੋਹ ਰਿਹਾ ਹੈ,ਪਰ ਮੇਰੀ ਸਲਾਹ ਹੈ ਵਿਰੋਧ ਕਰਨ ਵਾਲੇ ਤਰਕਵਾਦੀ ਆਂ ਨੂੰ ਆਪਣੀਆਂ ਅਤੇ ਸੰਪ੍ਰਦਾਵਾਂ ਦੀਆਂ ਪ੍ਰਾਪਤੀਆਂ ਦੀ ਸਮੀਖਿਆ ਕਰ ਲੈਣੀ ਚਾਹੀਦੀ ਹੈ,ਤਾਂ ਕਿ ਪਤਾ ਲੱਗੇ ਕਿਸਦੇ ਪੱਲੇ ਕੀ ਹੈ,ਲਫਾਫੇਬਾਜ਼ੀ ਦਾ ਸਾਰਾ ਵਹਿਮ ਦੂਰ ਹੋ ਜਾਵੇਗਾ। ਸੰਪ੍ਰਦਾਵਾਂ ਨੇ ਸੰਤ ਭਿੰਡਰਾਂਵਾਲੇ ਵਰਗੇ ਸ਼ੇਰ ਮਰਦ ਸੂਰਮੇ ਅਤੇ ਭਗਤ ਪੂਰਨ ਸਿੰਘ ਜੀ ਵਰਗੇ ਯੁੱਗ ਪੁਰਸ਼ ਪੰਥ ਦੀ ਝੋਲ੍ਹ ਪਾਏ ਬ੍ਰਾਹਮਣਵਾਦ ਦੀ ਆੜ੍ਹ ਹੇਠ ਅਗਾਂਹਵਧੂ ਆਂਅਖਵਾਉਣ ਵਾਲਿਆਂ ਦੇ ਆਗੂ ਕਾਲੇ ਅਫਗਾਨੇ,ਘੱਘੇ,ਨੇਕੀ ਵਰਗਿਆਂ ਪੰਥ ਨਾਲ ਮੱਥੇ ਲਾਏ। ਇਕ ਪਾਸੇ ਅਜੋਕੀ ਪ੍ਰਚਾਰਕ ਸ਼੍ਰੇਣੀ ਹੈ ਜੋ ਘਰ ਚੋਂ ਨਿਕਲ ਰੋਟੀ ਦੇ ਜੁਗਾੜ ਲਈ ਦੋ ਸਾਲਾ ਕੋਰਸ ਕਰਕੇ ਪ੍ਰਚਾਰਕ ਬਣ ਰਹੀ ਹੈ ਤੇ ਦੂਜੇ ਪਾਸੇ ਇਹ ਸਾਧੂ ਸਨ ਜੋ ਜਿੰਦਗੀ ਰਸ-ਕਸ ਤਿਆਗ ਜਮੀਨਾਂ ਜਾਇਦਾਦਾਂ ਛੱਡ ਸਾਧ ਬਣੇ ਐਵੇਂ ਨਹੀ ਅੱਧੀ ਸਦੀ ਬੀਤਣ ਬਾਅਦ ਵੀ ਪੰਥ ਐਸੀਆਂ ਰੂਹਾਂ ਦੇ ਬਲਿਹਾਰ ਜਾਂਦਾ । ਪਹਿਲੀ ਤਸਵੀਰ ਵਿਚ ਸੰਤ ਅਤਰ ਸਿੰਘ ਰੇਰੂ ਸਾਹਿਬ,ਦੂਜੀ ਤਸਵੀਰ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ ਇਕ ਸਦੀ ਪਹਿਲਾਂ ਦਾ ਪੱਕਾ ਸਰਦਾਰਾਂ ਵਾਲਾ ਘਰ ਅੱਜ ਵੀ ਮੌਜੂਦ ਹੈ,ਜਿਸ ਨੂੰ ਛੱਡ ਮਹਾਪੁਰਸ਼ ਰੇਰੂ ਵਾਲੇ ਸੰਤਾਂ ਦੀ ਸੰਗਤ ਕਰਕੇ ਸਾਧ ਹੋਏ ਸਨ,ਅਖੀਰ ਭਗਤ ਪੂਰਨ ਸਿੰਘ ਜੀ ਯੁੱਗ ਪੁਰਸ਼ ਮਹਾਪੁਰਸ਼ਾਂ ਦੀ ਤਸਵੀਰ । ਏਨਾ ਸਾਧੂਆਂ ਦਾ ਕੌਣ ਮੁਕਾਬਲਾ ਕਰੇਗਾ...? ਤਰਕਵਾਦੀ ਝੋਲ੍ਹਾਸ਼ਾਪ ਪ੍ਰਚਾਰਕ ਤਾਂ ਕਦਾਚਿਤ ਨਹੀਂ ਕਰ ਸਕਦੇ ਨਿੰਦਾ ਕਰਕੇ ਕੂੜ ਪ੍ਰਚਾਰ ਜਰੂਰ ਕਰ ਸਕਦੇ ਹਨ । ••












ਸ਼ਮਸ਼ੇਰ ਸਿੰਘ ਜੇਠੂਵਾਲ

Waheguru Ji Ka Khalsa
Waheguru Ji Ke Fateh

Please join us to commemorate the 5th Barsi
In memory of our dearly beloved



# S. Serbjit Singh Landa

## SRI AKHAND PAATH SAHIB

31st January 2025 - 02nd February 2025

At Gurdwara Baba Budha Ji, Miri Piri House
329 Haydn Road, Nottingham, NG5 1DG

| | | |
|---|---|---|
| Friday 31st Jan 2025 | 10.00 am | Arambh Sri Akhand Paath Sahib |
| Sunday 2nd Feb 2025 | 11.00 am | Bhog Sri Akhand Paath Sahib |
| | 12.00 pm | Kirtan by Bhai Jagtar Singh Ji (Jammu Wale) |

Guru Ji Ka Langar will be served throughout the programme.

The Landa family warmly invites you to join us at the Gurdwara Sahib to seek Guru Ji's blessings.

For additional information, please contact
S. Karamjit Singh Landa - 07855 979 263

ਆਵਾਜ਼ਿ ਕੌਮ
AWAZE QAUM
International Newspaper & WEB TV




### ਗੁਰੂ ਕਾਸ਼ੀ ਯੂਨੀਵਰਸਿਟੀ ਦੀਆਂ ਖਿਡਾਰਣਾਂ ਨੇ ਕਰਾਈ ਬੱਲੇ-ਬੱਲੇ

# ਗੁਰੂ ਕਾਸ਼ੀ ਯੂਨੀਵਰਸਿਟੀ ਬਣੀ "ਨੌਰਥ ਜੋਨ ਇੰਟਰ ਯੂਨੀਵਰਸਿਟੀ ਕਬੱਡੀ ਚੈਂਪੀਅਨ 2024-25"

**ਤਲਵੰਡੀ ਸਾਬੋ, 22 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਮੇਜ਼ਬਾਨ ਗੁਰੂ ਕਾਸ਼ੀ ਯੂਨੀਵਰਸਿਟੀ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਪੰਜਾਬ ਨੂੰ ਫਾਇਨਲ ਮੁਕਾਬਲੇ ਵਿੱਚ 28-19 ਦੇ ਫਰਕ ਨਾਲ ਹਰਾ ਕੇ ਨੌਰਥ ਜੋਨ ਇੰਟਰ ਯੂਨੀਵਰਸਿਟੀ ਕਬੱਡੀ ਚੈਂਪੀਅਨ (ਲੜਕੀਆਂ) 2024-25 ਹੋਣ ਦਾ ਮਾਣ ਹਾਸਿਲ ਕੀਤਾ ਹੈ। ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ ਪ੍ਰੋ. (ਡਾ.) ਪੀਯੂਸ਼

ਆਵਾਜ਼ਿ ਕੌਮ AWAZE QAUM International Newspaper & WEB TV

ਵਰਮਾ ਕਾਰਜਕਾਰੀ ਉੱਪ-ਕੁਲਪਤੀ ਨੇ ਖਿਡਾਰਣਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਜਿੱਤਣ ਤੋਂ ਬਾਅਦ ਵੀ ਉਹਨਾਂ ਨੂੰ ਆਪਣੇ ਤੋਂ ਹੋਈਆਂ ਗਲਤੀਆਂ ਅਤੇ ਕਮੀਆਂ ਦਾ ਆਤਮ ਵਿਸ਼ਲੇਸ਼ਨ ਕਰਨਾ ਚਾਹੀਦਾ ਹੈ, ਕਿਉਂਕਿ ਉਹਨਾਂ ਨੇ ਹੋਰ ਉੱਚੀਆਂ ਪ੍ਰਾਪਤੀਆਂ ਕਰਨੀਆਂ ਹਨ। ਇਸ ਲਈ ਆਪਣੀਆਂ ਗਲਤੀਆਂ ਦਾ ਸੁਧਾਰ ਕਰਕੇ ਹੋਰ ਵੱਡੀਆਂ ਤੇ ਉੱਚੀਆਂ ਮੰਜ਼ਿਲਾਂ ਹਾਸਿਲ ਕੀਤੀਆਂ ਜਾ ਸਕਦੀਆਂ ਹਨ। ਚੈਂਪੀਅਨਸ਼ਿਪ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਡਾ. ਰਾਜ ਕੁਮਾਰ ਸ਼ਰਮਾ ਡਾਇਰੈਕਟਰ ਸਪੋਰਟਸ ਨੇ ਦੱਸਿਆ ਕਿ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੂਜੇ ਅਤੇ ਕੁਰੂਕਸ਼ੇਤਰਾ ਯੂਨੀਵਰਸਿਟੀ ਕੁਰੂਕਸ਼ੇਤਰਾ ਤੀਜੇ ਸਥਾਨ ਤੇ ਰਹੀ। ਉਹਨਾਂ ਇਸ ਵਿਸ਼ਾਲ ਆਯੋਜਨ ਤੇ ਯੂਨੀਵਰਸਿਟੀ ਪ੍ਰਬੰਧਕਾਂ, ਆਲ ਇੰਡੀਆ ਯੂਨੀਵਰਸਿਟੀ ਦੇ ਅਧਿਕਾਰੀਆਂ, ਕੋਚ, ਰੈਫਰੀ ਅਤੇ ਖਿਡਾਰੀਆਂ ਵੱਲੋਂ ਮਿਲੇ ਸਹਿਯੋਗ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਖਿਡਾਰੀਆਂ ਦੀ ਖੇਡ ਭਾਵਨਾ, ਖੇਡ ਲਈ ਯਤਨ ਅਤੇ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਦੇ ਜੋਸ਼ ਕਾਰਨ ਇਹ ਆਯੋਜਨ ਸਫਲ ਹੋਇਆ ਹੈ। ਉਹਨਾਂ ਪੋਡੀਅਮ ਤੇ ਪਹੁੰਚਣ ਤੋਂ ਅਸਫਲ ਰਹਿਣ




ਵਾਲੇ ਖਿਡਾਰੀਆਂ ਨੂੰ ਹੋਰ ਮਿਹਨਤ ਅਤੇ ਲਗਾਤਾਰ ਅਭਿਆਸ ਕਰਨ ਦਾ ਮਸ਼ਵਰਾ ਦਿੱਤਾ ਤੇ ਅਪਣੇ ਮਨੋਬਲ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਪ੍ਰੇਰਿਤ ਕੀਤਾ, ਉਹਨਾਂ ਦੱਸਿਆ ਕਿ ਚੈਂਪੀਅਨਸ਼ਿਪ ਵਿੱਚ ਨੌਰਥ ਜੋਨ ਦੀਆਂ 28 ਯੂਨੀਵਰਸਿਟੀਆਂ ਦੇ ਲਗਭਗ 300 ਖਿਡਾਰੀਆਂ, 50 ਮੈਨੇਜਰ ਅਤੇ ਕੋਚ ਸਾਹਿਬਾਨ ਨੇ ਸ਼ਿਰਕਤ ਕੀਤੀ। ਡਾ. ਬਲਵਿੰਦਰ ਕੁਮਾਰ ਸ਼ਰਮਾ ਡੀਨ ਫੈਕਲਟੀ ਆੱਫ ਫਿਜ਼ੀਕਲ ਐਜੂਕੇਸ਼ਨ ਨੇ ਸਭਨਾਂ ਦਾ ਧੰਨਵਾਦ ਕਰਦੇ ਹੋਏ ਆਲ ਇੰਡੀਆ ਕਬੱਡੀ ਚੈਂਪੀਅਨਸ਼ਿਪ ਲਈ ਸਭ ਨੂੰ ਸ਼ੁਭਇੱਛਾਵਾਂ ਭੇਂਟ ਕੀਤੀਆਂ। ••

# ਸਿਹਤ ਵਿਭਾਗ ਵੱਲੋਂ ਆਈਡੀਐਸਪੀ ਪ੍ਰੋਗਰਾਮ ਤਹਿਤ ਟ੍ਰੇਨਿੰਗ ਵਰਕਸ਼ਾਪ ਦਾ ਕੀਤਾ ਆਯੋਜਨ



**ਚੌਂਕ ਮਹਿਤਾ, 22 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਸਰਜਨ ਡਾ ਕਿਰਨਦੀਪ ਕੌਰ ਦੀ ਪ੍ਰਧਾਨਗੀ ਹੇਠ ਸਿਹਤ ਵਿਭਾਗ ਵੱਲੋਂ ਆਈਡੀਐਸਪੀ ਪ੍ਰੋਗਰਾਮ ਤਹਿਤ ਇੱਕ ਟ੍ਰੇਨਿੰਗ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਜਿਲ੍ਹੇ ਭਰ ਦੇ ਮੈਡੀਕਲ ਲੈਬ ਟੈਕਨੀਸ਼ਨ, ਨਰਸਿੰਗ ਸਟਾਫ ਅਤੇ ਪੈਰਾ ਮੈਡੀਕਲ ਸਟਾਫ ਦੀ ਟ੍ਰੇਨਿੰਗ ਕਰਵਾਈ ਗਈ। ਇਸ ਦੌਰਾਨ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਦੱਸਿਆ ਕਿ ਆਈਡੀਐਸਪੀ ਤਹਿਤ ਬਹੁਤ ਸਾਰੀਆਂ ਛੂਤ ਦੀਆਂ ਬਿਮਾਰੀਆਂ ਜਿਵੇਂ ਟੀਬੀ, ਹੈਜਾ, ਸਵਾਇਨ ਫਲੂ, ਕਰੋਨਾ ਮਲੇਰੀਆ, ਡੇਂਗੂ, ਚਿਕਨਗੁਣੀਆ, ਹੈਪਰਟਾਈਟਸ ਆਦੀ ਨੂੰ ਕਵਰ ਕੀਤਾ ਜਾਂਦਾ ਹੈ। ਇਸ ਪ੍ਰੋਗਰਾਮ ਤਹਿਤ ਜਿਲੇ ਭਰਦੇ ਸਾਰੇ ਇਲਾਕਿਆਂ ਵਿੱਚ ਸਰਵੇਖਣ ਕਰਕੇ ਐਕਟਿਵ ਕੇਸਾਂ ਦੀ ਭਾਲ ਕੀਤੀ ਜਾਂਦੀ ਹੈ ਅਤੇ ਉਹਨਾਂ ਦੀ ਜਾਂਚ ਕਰਵਾਉਣ ਉਪਰੰਤ ਮੁਫਤ ਇਲਾਜ ਕਰਾਇਆ ਜਾਂਦਾ ਹੈ। ਇਸ ਮੌਕੇ ਐਪੀਡਮੋਲਜਿਸਟ ਆਈਡੀਐਸਪੀ ਡਾ ਨਵਦੀਪ ਕੌਰ ਵੱਲੋਂ ਸਮੂਹ ਸਟਾਫ ਨੂੰ ਵਿਸਥਾਰ ਪੂਰਵਕ ਟ੍ਰੇਨਿੰਗ ਦਿੱਤੀ ਗਈ। ਇਸ ਮੌਕੇ ਤੇ ਸਹਾਇਕ ਸਿਵਲ ਸਰਜਨ ਡਾ ਰਜਿੰਦਰ ਪਾਲ ਕੌਰ, ਜਿਲਾ ਐਪੀਡਮੋਲੋਜਿਸਟ ਡਾ ਹਰਜੋਤ ਕੌਰ, ਜਿਲਾ ਐਮਆਈਓ ਅਮਰਦੀਪ ਸਿੰਘ, ਜਿਲਾ ਅਕਾਊਂਟ ਅਫਸਰ ਮਲਵਿੰਦਰ ਸਿੰਘ, ਤ੍ਰਿਪਤਾ ਕੁਮਾਰੀ ਅਤੇ ਸਮੂਹ ਸਟਾਫ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

"ਹਕੂਮਤ-ਏ-ਹਿੰਦ ਨਾਲ ਟੱਕਰ ਲੈਣ ਲਈ ਮੈਂ ਐਨਾ ਹੀ ਕਰ ਸਕਿਆ, ਮੇਰਾ ਐਨਾ ਕੁ ਹਿੱਸਾ ਕਬੂਲ ਕਰਿਓ"



ਬੰਦੀ ਸਿੰਘਾਂ ਦੇ ਦਰਦੀ

# ਬਾਬਾ ਸੂਰਤ ਸਿੰਘ ਜੀ ਖ਼ਾਲਸਾ

7 ਮਾਰਚ, 1933 - 14 ਜਨਵਰੀ, 2025

## ਅੰਤਮ ਸਸਕਾਰ, ਭੋਗ ਅਤੇ ਅਰਦਾਸ

ਐਤਵਾਰ, 26 ਜਨਵਰੀ 2025

**ਅੰਤਮ ਸਸਕਾਰ**

ਦੁਪਹਿਰ 11 ਤੋਂ 2 ਵਜੇ

Chapels Of Chimes • 32992 Mission Blvd, Hayward

**ਲੰਗਰ**
2:30 ਵਜੇ

**ਭੋਗ ਅਤੇ ਅੰਤਮ ਅਰਦਾਸ**
3 ਤੋਂ 5 ਵਜੇ

Gurdwara Sahib • 300 Gurdwara Rd., Fremont

ਰਵਿੰਦਰਜੀਤ ਸਿੰਘ ਗੋਗੀ: 661.978.0183

ਆਵਾਜ਼ਿ ਕੌਮ AWAZE QAUM International Newspaper & WEB TV

### ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਬਾਜਾਖਾਨਾ ਚੌਂਕ ਵਿਖੇ

# ਪੁਰਾਣੇ ਵਾਹਨਾਂ ਅਤੇ ਆਟੋ ਰਿਕਸ਼ਾ ਤੇ ਲਗਾਏ ਰਫਲੈਕਟਰ - ਇੰਜ ਸਿੱਧੂ



**ਬਰਨਾਲਾ ( ਰਣਜੀਤ ਸਿੰਘ ਪੇਧਨੀ )**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋ ਸੰਸਥਾ ਦੇ ਚੇਅਰਮੈਨ ਡਾਕਟਰ ਐਸ ਪੀ ਸਿੰਘ ਉਬਰਾਏ ਅਤੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾ ਹੇਠ ਜਿਲਾ ਬਰਨਾਲਾ ਦੀ ਟੀਮ ਵੱਲੋ ਜਿਲਾ ਪ੍ਰਧਾਨ ਇੰਜ ਗੁਰਜਿੰਦਰ ਸਿੰਘ ਸਿੱਧੂ ਅਤੇ ਜਿਲਾ ਬਰਨਾਲਾ ਦੀ ਟਰੈਫਿਕ ਦੇ ਮੁਖੀ ਡੀ ਐਸ ਪੀ ਕੁਲਵੰਤ ਸਿੰਘ ਦੀ ਸਾਂਝੀ ਦੇਖ ਰੇਖ ਹੇਠ ਪੁਰਾਣੇ ਵਾਹਨਾਂ ਤੇ 2000 ਹਜਾਰ ਰਫਲੈਕਟਰ ਲਗਾਏ ਗਏ ਇਸ ਮੌਕੇ ਬੋਲਦਿਆਂ ਡੀ ਐਸ ਪੀ ਕੁਲਵੰਤ ਸਿੰਘ ਨੇ ਸੰਸਥਾ ਦਾ ਧੰਨਵਾਦ ਕੀਤਾ ਅਤੇ ਆਮ ਜੰਤਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਾਹਨਾਂ ਤੇ ਰਫਲੈਕਟਰ ਚੰਗੀ ਤਰਾ ਲਗਵਾ ਕੇ ਰੱਖਣ ਤਾਕਿ ਪਿੱਛੇ ਤੋ ਆਉਂਦੇ ਵਾਹਨਾਂ ਨੂੰ ਤੁਹਾਡੇ ਵਾਹਨਾਂ ਦਾ ਸਮੇਂ ਸਿਰ ਪਤਾ ਚੱਲ ਸਕੇ ਅਤੇ ਕੋਈ ਅਣਸੁਖਾਵੀਂ ਘਟਣਾ ਨੇ ਵਾਪਰੇ ਇਸ ਮੌਕੇ ਸਿੱਧੂ ਨੇ ਦੱਸਿਆ ਕਿ ਸੰਸਥਾ ਦੇ ਸਮੂਹ ਮੇਂਬਰਾ ਨੇ ਪੁਰਾਣੇ ਕਿਸਮ ਦੇ ਵਾਹਨ ਜਿਵੇਂ ਮਹਿੰਦਰਾ ਜੀਪਾ ਟਰਾਲੀਆ ਟੈਂਪੂ ਜੁਗਾੜੂ ਗੱਡੀਆ ਅਤੇ ਟਰੱਕਾਂ ਤੇ ਟ੍ਰੈਫਿਕ ਪੁਲੀਸ ਦੇ ਜਵਾਨਾਂ ਦੇ ਸਹਿਯੋਗ ਨਾਲ ਤਕਰੀਬਨ 2 ਹਜ਼ਾਰ ਵਾਹਨਾਂ ਤੇ ਰਫਲੇਕਟਰ ਲਗਾਏ ਤਾਕਿ ਸੰਘਣੀ ਧੁੰਦ ਵਿੱਚ ਸੜਕ ਤੇ ਸੌਖੀ ਤਰਾ ਚੱਲ ਸਕਣ ਉਹਨਾਂ ਸਮੂਹ ਲੋਕਾ ਨੂੰ ਅਪੀਲ ਕੀਤੀ ਕਿ ਉਹ ਅਣਸੁਖਾਵੀਆ ਘਟਨਾਵਾਂ ਤੋਂ ਰਾਹਤ ਪ੍ਰਾਪਤ ਕਰਨ ਲਈ ਟਰੈਫਿਕ ਰੂਲਾ ਦੀ ਪਾਲਣਾ ਕਰਨ ਖਾਸ ਕਰਕੇ ਮੋਟਰਸਾਈਕਲ ਅਤੇ ਸਕੂਟਰਾਂ ਵਾਲੇ ਵੀਰ ਭੈਣਾਂ ਕਿਉਕਿ ਸਭ ਤੋਂ ਵੱਧ ਦੀ ਪਹਿਆ ਵਾਹਨਾਂ ਵਾਲੇ ਹੀ ਰੂਲਾ ਦੀਆ ਧੱਜੀਆਂ ਉਡਾਉਂਦੇ ਹਨ ਕਿਉਕਿ ਟਰੈਫਿਕ ਰੂਲਾ ਵਿੱਚ ਕਾਹਲ ਦੀ ਕੋਈ ਗੁੰਜਾਇਸ਼ ਨਹੀਂ ਜੇਕਰ ਕਾਹਲ ਕਰੋਗੇ ਤਾਂ ਕਿਸੇ ਵਕਤ ਭੀ ਵੱਡਾ ਹਾਦਸਾ ਵਾਪਰ ਸਕਦਾ ਹੈ ਸਾਡੀ ਸੰਸਥਾ ਹਮੇਸ਼ਾ ਹੀ ਲੋਕਾ ਦੀ ਮਦਦ ਲਈ ਤੱਤਪਰ ਹੈ ਪਰ ਲੋਕਾ ਨੂੰ ਭੀ ਪੁਲੀਸ ਅਤੇ ਸਮਾਜ ਸੇਵੀ ਸੰਸਥਾਵਾਂ ਦਾ ਸਹਿਯੋਗ ਦੇਣਾ ਚਾਹੀਦਾ ਹੈ।ਇਸ ਮੌਕੇ ਸ੍ਰ ਦਰਸ਼ਨ ਸਿੰਘ ਨੈਣੇਵਾਲ ਟਰੈਫਿਕ ਮਹਿਕਮੇ ਦੇ ਏ ਐਸ ਆਈ ਜਗਪਾਲ ਸਿੰਘ ਏ ਐਸ ਆਈ ਬਲਦੇਵ ਸਿੰਘ ਮੁਨਸ਼ੀ ਜਗਦੀਪ ਸਿੰਘ ਹੈਡ ਕਾਂਸਟੇਬਲ ਪਰਮਜੀਤ ਸਿੰਘ ਏ ਐਸ ਆਈ ਪਰਮਜੀਤ ਸਿੰਘ ਅਤੇ ਸੰਸਥਾ ਵਲੋ ਕੁਲਵਿੰਦਰ ਸਿੰਘ ਕਾਲਾ ਗੁਰਜੰਟ ਸਿੰਘ ਸੋਨਾ ਸੂਬੇਦਾਰ ਮੇਜਰ ਰਾਜ ਸਿੰਘ ਸੂਬੇਦਾਰ ਗੁਰਜੰਟ ਸਿੰਘ ਜਥੇਦਾਰ ਸੁਖਦਰਸ਼ਨ ਸਿੰਘ ਹੌਲਦਾਰ ਬਸੰਤ ਸਿੰਘ ਉੱਗੋ ਹੌਲਦਾਰ ਜਸਬੀਰ ਸਿੰਘ ਖੁੱਡੀ ਗੁਰਦੇਵ ਸਿੰਘ ਮੱਕੜ ਟਾਟਾ 407 ਯੂਨੀਅਨ ਦੇ ਪ੍ਰਧਾਨ ਜਸਵੀਰ ਸਿੰਘ ਸੀਰਾ ਅਤੇ ਮਨਦੀਪ ਸਿੰਘ ਹਾਜਰ ਸਨ।

### ਪ੍ਰਵੇਸ ਸ਼ਰਮਾ ਵੱਲੋਂ ਦਿੱਲੀ ਵਿਚ ਸਿੱਖਾਂ ਦੇ ਵਹੀਕਲਜ ਦਾਖਲ ਹੋਣ ’ਤੇ ਸ਼ੰਕਾ ਕਰਨਾ

# ਸਿੱਖ ਕੌਮ ਦਾ ਅਪਮਾਨ ਕਰਨ ਦੇ ਤੁੱਲ : ਟਿਵਾਣਾ



**ਨਵੀਂ ਦਿੱਲੀ, 22 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- “ਦਿੱਲੀ ਦੇ ਭਾਜਪਾ ਆਗੂ ਨੇ ਜੋ ਦਿੱਲੀ ਵਿਚ ਸਿੱਖਾਂ ਦੀਆਂ ਕਾਰਾਂ, ਗੱਡੀਆ ਦਾਖਲ ਹੋਣ ਤੇ ਰੋਕ ਲਗਾਉਣ ਸੰਬੰਧੀ ਬਿਆਨਬਾਜੀ ਕਰਦੇ ਹੋਏ ਕਿਹਾ ਹੈ ਕਿ ਇਸ ਨਾਲ ਦਿੱਲੀ ਵਿਚ ਕਾਨੂੰਨੀ ਵਿਵਸਥਾਂ ਨੂੰ ਖਤਰਾਂ ਖੜ੍ਹਾ ਹੋ ਰਿਹਾ ਹੈ, ਵੱਲੋ ਪ੍ਰਗਟਾਏ ਗੈਰ ਇਨਸਾਨੀ ਵਿਚਾਰ ਤਾਂ ਮੁਲਕ ਲਈ 80% ਕੁਰਬਾਨੀਆਂ ਤੇ ਸ਼ਹਾਦਤਾਂ ਦੇਣ ਵਾਲੀ ਅਤੇ ਸਰਬੱਤ ਦਾ ਭਲਾ ਲੋੜਨ ਵਾਲੀ ਸਿੱਖ ਕੌਮ ਦਾ ਨਫਰਤੀ ਸੋਚ ਅਧੀਨ ਵੱਡਾ ਅਪਮਾਨ ਕਰਨ ਦੇ ਤੁੱਲ ਦੁੱਖਦਾਇਕ ਕਾਰਵਾਈਆ ਹਨ ।ਜਿਸਦੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕੇਵਲ ਕਰੜੇ ਸ਼ਬਦਾਂ ਵਿਚ ਨਿੰਦਾ ਹੀ ਨਹੀ ਕਰਦਾ ਬਲਕਿ ਸੈਟਰ ਦੀ ਬੀਜੇਪੀ-ਆਰ.ਐਸ.ਐਸ ਸਰਕਾਰ ਜਿਸਦੀਆਂ ਨੀਤੀਆ ਹੀ ਸਿੱਖ ਕੌਮ ਵਿਰੋਧੀ ਹਨ, ਜਿਸਦੀ ਬਦੌਲਤ ਉਨ੍ਹਾਂ ਦੀ ਲੀਡਰਸਿਪ ਅਜਿਹੀ ਗੈਰ ਜਮਹੂਰੀਅਤ ਅਤੇ ਗੈਰ ਸਮਾਜਿਕ ਸਿੱਖ ਕੌਮ ਦੇ ਮਨਾਂ ਆਤਮਾਵਾ ਨੂੰ ਠੇਸ ਪਹੁੰਚਾਉਣ ਵਾਲੀ ਬਿਆਨਬਾਜੀ ਕਰਕੇ ਸਿੱਖ ਕੌਮ ਵਿਰੁੱਧ ਨਫਰਤ ਪੈਦਾ ਕਰ ਰਹੀ ਹੈ, ਉਸ ਸੰਬੰਧਤ ਪ੍ਰਵੇਸ ਸਰਮਾ ਵਿਰੁੱਧ ਕਾਨੂੰਨੀ ਅਮਲ ਹੋਣ ਤੇ ਸਮੁੱਚੀ ਬੀਜੇਪੀ ਪਾਰਟੀ ਵੱਲੋ ਸਿੱਖ ਕੌਮ ਤੋ ਜਨਤਕ ਤੌਰ ਤੇ ਮੁਆਫ਼ੀ ਮੰਗਣ ਦੀ ਗੱਲ ਕਰਦੇ ਹੋਏ ਸ. ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿਹਾ ਹੈ ਕਿ ਜੇਕਰ ਬੀਜੇਪ-ਆਰ.ਐਸ.ਐਸ ਹਕੂਮਤ ਨੂੰ ਕੁਰਬਾਨੀਆ ਦੀ ਪੁੰਜ, ਮੁਲਕ ਦੀ ਹਰ ਔਕੜ ਵਿਚ ਮੋਹਰੀ ਹੋ ਕੇ ਜੋਖਮ ਵਿਚ ਪੈ ਕੇ ਸੇਵਾ ਕਰਨ ਵਾਲੀ ਸਿੱਖ ਕੌਮ ਨਾਲ ਐਨੀ ਨਫਰਤ ਵੱਧ ਗਈ ਹੈ ਕਿ ਸਿੱਖਾਂ ਨੂੰ ਇੰਡੀਆ ਦੀ ਰਾਜਧਾਨੀ ਦਿੱਲੀ ਵਿਚ ਵਿਚਰਣ ਤੇ ਕਾਰੋਬਾਰ ਕਰਨ ਵਿਰੁੱਧ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ ਤਾਂ ਫਿਰ ਮੁਲਕ ਦੇ ਹੁਕਮਰਾਨਾਂ ਨੂੰ ਚਾਹੀਦਾ ਹੈ ਕਿ ਉਹ ਜਿਵੇ ਬੀਤੇ ਸਮੇ ਵਿਚ ‘ਕੋਸੋਵੋ’ ਮੁਲਕ ਬਿਨ੍ਹਾਂ ਕਿਸੇ ਖੂਨ ਖਰਾਬੇ ਤੋ ਆਪਣੇ ਜੱਦੀ ਮੁਲਕ ਤੋ ਵੱਖ ਹੋ ਕੇ ਵੱਖਰਾਂ ਮੁਲਕ ਬਣਿਆ ਸੀ, ਉਸੇ ਤਰ੍ਹਾਂ 1947 ਤੋ ਪਹਿਲਾ ਹਿੰਦੂਤਵ ਆਗੂਆ ਵੱਲੋ ਸਿੱਖ ਕੌਮ ਨਾਲ ਕੀਤੇ ਗਏ ਉਸ ਵਾਅਦੇ ਅਨੁਸਾਰ ਜਿਸ ਵਿਚ ਇਹ ਕਿਹਾ ਗਿਆ ਸੀ ਕਿ ‘ਉੱਤਰੀ ਭਾਰਤ ਵਿਚ ਸਿੱਖ ਕੌਮ ਨੂੰ ਇਕ ਆਜਾਦ ਖਿੱਤਾ ਦਿੱਤਾ ਜਾਵੇਗਾ, ਜਿਥੇ ਸਿੱਖ ਕੌਮ ਆਪਣੀ ਪੂਰਨ ਆਜਾਦੀ ਤੇ ਆਪਣੀਆ ਧਾਰਮਿਕ ਰਹੁ-ਰੀਤੀਆ ਅਨੁਸਾਰ ਆਜਾਦ ਫਿਜਾ ਵਿਚ ਆਪਣਾ ਜੀਵਨ ਬਸਰ ਕਰ ਸਕੇਗੀ’ ਉਸ ਵਾਅਦੇ ਨੂੰ ਪੂਰਨ ਕਰਦੇ ਹੋਏ ਸਿੱਖ ਕੌਮ ਦੀਆਂ ਇਛਾਵਾ ਦੇ ਅਨੁਸਾਰ ਆਜਾਦ ਬਾਦਸਾਹੀ ਸਿੱਖ ਰਾਜ (ਖਾਲਿਸਤਾਨ) ਕਿਉਂ ਨਹੀ ਕਾਇਮ ਕਰ ਦਿੱਤਾ ਜਾਂਦਾ ? ਅਜਿਹਾ ਅਮਲ ਕਰਨ ਨਾਲ ਵਾਰ-ਵਾਰ ਸਿੱਖ ਕੌਮ ਨੂੰ ਜਲੀਲ ਕਰਨ ਅਤੇ ਉਨ੍ਹਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਅਖਵਾਉਣ ਦੇ ਅਮਲਾਂ ਤੋ ਹੀ ਛੁਟਕਾਰਾ ਨਹੀ ਮਿਲ ਜਾਵੇਗਾ । ਬਲਕਿ ਜੋ ਹੁਕਮਰਾਨ ਸਾਜਸੀ ਢੰਗਾਂ ਰਾਹੀ ਸਿੱਖਾਂ ਵਿਰੁੱਧ ਗੁੰਮਰਾਹਕੁੰਨ ਪ੍ਰਚਾਰ ਕਰਦੇ ਹੋਏ ਦੂਸਰੇ ਮੁਲਕਾਂ ਵਿਚ ਜਾ ਕੇ ਸਿੱਖਾਂ ਦਾ ਕਤਲ ਕਰਦੇ ਹੋਏ ਕੌਮਾਂਤਰੀ ਪੱਧਰ ਤੇ ਆਪਣੀ ਸਾਖ ਨੂੰ ਖੋਰਾ ਲਗਾ ਰਹੇ ਹਨ ਉਸ ਤੋ ਬਚਾਅ ਹੋ ਜਾਵੇਗਾ ।” ਉਨ੍ਹਾਂ ਕਿਹਾ ਕਿ ਇਹ ਵੀ ਦੁੱਖ ਤੇ ਅਫਸੋਸ ਵਾਲੇ ਅਮਲ ਹਨ ਕਿ ਸੈਟਰ ਦੀ ਬੀਜੇਪੀ- ਆਰ.ਐਸ.ਐਸ ਹਕੂਮਤ ਵਿਚ ਸਾਮਿਲ ਸਿੱਖ ਵਜੀਰ ਸ. ਹਰਦੀਪ ਸਿੰਘ ਪੁਰੀ ਨੂੰ ਆਮ ਆਦਮੀ ਪਾਰਟੀ ਦੇ ਆਗੂ ਇਹ ਕਹਿਕੇ ਕਿ ਸ੍ਰੀ ਪੁਰੀ ਰੌਹਿੰਗਿਆ ਤੇ ਬੰਗਲਾਦੇਸੀਆਂ ਦੇ ਰਿਸਤੇਦਾਰ ਹਨ, ਜਿਨ੍ਹਾਂ ਨੇ ਦਿੱਲੀ ਵਿਚ ਇਨ੍ਹਾਂ ਨੂੰ ਵਸਾਇਆ ਹੈ, ਉਹ ਕੇਵਲ ਸ. ਪੁਰੀ ਦੀ ਨਹੀ ਬਲਕਿ ਸਮੁੱਚੀ ਸਿੱਖ ਕੌਮ ਦੀ ਤੋਹੀਨ ਕਰਨ ਦੇ ਦੁੱਖਦਾਇਕ ਅਮਲ ਕਰ ਰਹੇ ਹਨ । ਜਦੋ ਇਥੋ ਦੀਆਂ ਕੱਟੜਵਾਦੀ ਹਿੰਦੂਤਵ ਜਮਾਤਾਂ ਤੇ ਉਨ੍ਹਾਂ ਦੇ ਸਹਿਯੋਗੀਆ ਵੱਲੋ ਨਿੱਤ ਦਿਹਾੜੇ ਮੀਡੀਏ ਤੇ ਬਿਜਲਈ ਮੀਡੀਏ ਵਿਚ ਬਿਨ੍ਹਾਂ ਕਿਸੇ ਵਜਹ ਦੇ ‘ਸਰਬੱਤ ਦਾ ਭਲਾ’ ਲੋੜਨ ਵਾਲੀ ਅਤੇ ਮੁਲਕ ਦੇ ਹਰ ਖੇਤਰ ਵਿਚ ਕੁਰਬਾਨੀਆ ਦੇਣ ਵਾਲੀ ਅਤੇ ਹਰ ਸੰਕਟ ਦੀ ਘੜੀ ਵਿਚ ਮੋਹਰੀ ਹੋ ਕੇ ਸੇਵਾ ਕਰਨ ਵਾਲੀ ਸਿੱਖ ਕੌਮ ਨੂੰ ਨਫਰਤ ਭਰੀ ਨਿਗ੍ਹਾ ਨਾਲ ਨਿਸਾਨਾਂ ਬਣਾਇਆ ਜਾ ਰਿਹਾ ਹੈ ਅਤੇ ਇਨਸਾਨੀਅਤ ਵਿਰੋਧੀ ਅਮਲ ਕੀਤੇ ਜਾ ਰਹੇ ਹਨ ਤਾਂ ਹੁਕਮਰਾਨਾਂ ਲਈ ਇੰਡੀਆ ਦੇ ਮਾਹੌਲ ਨੂੰ ਅਮਨਮਈ ਤੇ ਜਮਹੂਰੀਅਤ ਰੱਖਣ ਲਈ ਇਹ ਅਮਲ ਚੰਗਾ ਹੋਵੇਗਾ ਕਿ ਉਹ ਖੁਦ ਹੀ ਸਿੱਖ ਕੌਮ ਨੂੰ ਆਪਣੇ ਕੀਤੇ ਵਾਅਦੇ ਅਨੁਸਾਰ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਂਨ, ਚੰਡੀਗੜ੍ਹ ਦੇ ਇਲਾਕੇ ਦਾ ਕੌਮਾਂਤਰੀ ਰਾਏ ਅਨੁਸਾਰ ਕੋਸੋਵੋ ਦੀ ਤਰ੍ਹਾਂ ਵੱਖਰਾਂ ਮੁਲਕ ਐਲਾਨਕੇ ਆਪਣੀ ਤੇ ਸਿੱਖ ਕੌਮ ਦੀ ਸਾਂਤੀ ਅਤੇ ਆਤਮਿਕ ਸੰਤੁਸਟੀ ਨੂੰ ਪੂਰਨ ਕਰਨ ।

# ਕੇਜਰੀਵਾਲ ਵੱਲੋਂ ਕੀਤੇ ਕੰਮਾਂ ਤੇ ਦਿੱਲੀ ਵਾਸੀ ਲਾਉਣਗੇ ਚੌਥੀ ਵਾਰ ਮੋਹਰ : ਸੇਰਗਿੱਲ / ਸੋਹੀ



ਧੂਰੀ ( ਰਣਜੀਤ ਸਿੰਘ ਪੇਧਨੀ ) ਦੇਸ਼ ਦੀ ਰਾਜਧਾਨੀ ਅਤੇ ਆਮ ਆਦਮੀ ਪਾਰਟੀ ਦਾ ਗੜ ਦਿੱਲੀ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਚ ਆਮ ਆਦਮੀ ਪਾਰਟੀ ਵੱਲੋਂ ਕਰਵਾਏ ਕੰਮਾਂ ਅਤੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਸੋਚ ਤੇ ਦਿੱਲੀ ਵਾਸੀ ਲਾਉਣਗੇ ਚੌਥੀ ਵਾਰੀ ਮੋਹਰ ਲਾਉਣਗੇ ਅਤੇ ਭਾਰੀ ਬਹੁਮਤ ਨਾਲ ਬਣਾਉਣਗੇ ਸਰਕਾਰ ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰ ਨਰਿੰਦਰ ਸਿੰਘ ਸ਼ੇਰਗਿੱਲ ਚੇਅਰਮੈਨ ਮਿਲਕਫੈਡ ਪੰਜਾਬ, ਆਪ ਦੇ ਸੀਨੀਅਰ ਆਗੂ ਅਮਰੀਕ ਸਿੰਘ ਸੋਹੀ ਨੇ ਸਾਂਝੇ ਤੌਰ ਤੇ ਕੀਤਾ।ਉਨ੍ਹਾਂ ਕਿਹਾ ਕਿ ਦਿੱਲੀ ਵਾਸੀਆਂ ਦੀ ਅਵਾਜ਼ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਜੋ ਦਿੱਲੀ ਵਾਸੀਆਂ ਨੂੰ ਸਹੂਲਤਾਂ ਦਿੱਤੀਆਂ ਗਈਆਂ ਉਹ ਅੱਜ ਤੋਂ ਪਹਿਲਾ ਕਿਸੇ ਵੀ ਪਾਰਟੀ ਜਾਂ ਸਰਕਾਰ ਵੱਲੋਂ ਨਹੀਂ ਦਿੱਤੀਆਂ ਗਈਆਂ। ਸਿਰਫ ਲੋਕਾਂ ਨੂੰ ਲਾਰੇ ਲਾ ਕੇ ਡੰਗ ਟਪਾਉਂਦੇ ਰਹੇ ਪਰ ਅਰਵਿੰਦ ਕੇਜਰੀਵਾਲ ਨੇ ਜੋ ਕਿਹਾ ਉਹ ਮੁੱਖ ਮੰਗਾਂ ਸਿਹਤ ਅਤੇ ਸਿੱਖਿਆ ਬਲਕਿ ਸ਼ਹਿਰ ਨਹੀ ਮੁਹੱਲਿਆਂ ਪਿੰਡਾਂ ਵਿੱਚ ਵੀ ਡਿਜੀਟਲ ਸਿੱਖਿਆ ਪ੍ਰਦਾਨ ਕਰਵਾਈ ਅਤੇ ਹੋਰ ਵੀ ਅਨੇਕਾਂ ਤਰ੍ਹਾਂ ਦੇ ਕੰਮ ਜੋ ਸਰਕਾਰ ਨੇ ਕਰਵਾਏ ਇਹਨਾਂ ਕੰਮਾਂ ਤੇ ਦਿੱਲੀ ਵਾਸੀ ਮੋਹਰ ਲਗਾਉਣਗੇ।ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਆਮ ਆਦਮੀ ਪਾਰਟੀ ਨੂੰ ਹਰਾਉਣ ਲਈ ਹਰ ਤਰ੍ਹਾਂ ਦੇ ਹੱਥ ਕੰਡੇ ਅਪਣਾ ਰਹੀ ਹੈ ।ਪਰ ਦਿੱਲੀ ਦੀ ਜਨਤਾ ਪੜੀ ਲਿਖੀ ਅਤੇ ਸੂਝਵਾਨ ਹੈ ਉਹ ਚੰਗੀ ਤਰ੍ਹਾਂ ਨਾਲ ਜਾਣ ਚੁੱਕੇ ਹਨ ਕਿ ਦਿੱਲੀ ਦੀ ਜਨਤਾ ਦਾ ਭਲਾ ਕਿਸ ਸਰਕਾਰ ਨੇ ਕੀਤਾ ਹੈ ਅਤੇ ਹੋਣਾ ਹੈ ਅਤੇ ਇਸ ਵਾਰ ਦਿੱਲੀ ਦੀ ਜਨਤਾ ਆਮ ਆਦਮੀ ਪਾਰਟੀ ਦੀ ਚੌਥੀ ਵਾਰ ਸਰਕਾਰ ਬਣਾਉਣ ਲਈ ਪੱਬਾ ਭਾਰ ਹੋਈ ਪਈ ਹੈ।ਇਸ ਮੌਕੇ ਬਲਜੀਤ ਕੌਰ ਚੇਅਰਮੈਨ ਵੇਰਕਾ ਮਿਲਟ ਸੰਗਰੂਰ ਪੰਜਾਬ ਹਾਜ਼ਰ ਸਨ।

# ਆਜ਼ਾਦ ਕੌਂਸਲਰ ਅਨੀਤਾ ਸ਼ਰਮਾ ਆਮ ਆਦਮੀ ਪਾਰਟੀ ’ਚ ਹੋਏ ਸ਼ਾਮਿਲ



**ਚੌਕ ਮਹਿਤਾ, 22 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਨਗਰ ਨਿਗਮ ਅੰਮ੍ਰਤਸਰ ਅਜ਼ਾਦ ਕੌਂਸਲਰ ਅਨੀਤਾ ਸ਼ਰਮਾਂ ਵਾਰਡ ਨੰਬਰ 78 (ਮਾਤਾ ਜੀ ਅਰਵੀਨ ਭਕਨਾ) ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਉਹਨਾਂ ਨੂੰ ਪਾਰਟੀ ਵਿੱਚ ਸ਼ਾਮਿਲ ਹੋਣ ਤੇ ਮੰਤਰੀ ਸਰਦਾਰ ਕੁਲਦੀਪ ਸਿੰਘ ਜੀ ਅਤੇ ਮੇਰੇ ਵੱਲੋਂ ਜੀ ਆਇਆਂ ਕਿਹਾ ਇਸ ਮੌਕੇ ਕਰਮਜੀਤ ਸਿੰਘ ਰਿੰਟੂ ,ਪ੍ਰਿਯੰਕਾ ਸ਼ਰਮਾ ਕੌਂਸਲਰ , ਰਿਤੇਸ਼ ਸ਼ਰਮਾ , ਵਿਸ਼ਾਲ ਭਕਨਾ ,ਰਾਣਾ ਸਰਪੰਚ ,ਹਰਪਿੰਦਰ ਵਲਟੋਹਾ,ਰਿੱਕੀ ਮੌਦਗਿਲ ,ਸਨੀ ਰਾਮਪਾਲ ,ਸੁਰਿੰਦਰ ਦੇਵਗਨ ਅਤੇ ਹਨੀ ਸ਼ਰਮਾ ਹਾਜ਼ਰ ਸਨ।

# ਦਲ ਖ਼ਾਲਸਾ ਅਤੇ ਮਾਨ ਦਲ ਵਲੋ 26 ਜਨਵਰੀ ਦੇ ਵਿਰੋਧ ਵਿੱਚ ਪੰਜਾਬ ਦੇ ਤਿੰਨ ਜ਼ਿਲ੍ਹਿਆਂ ਚ ਨਿਕਲੇਗਾ ਰੋਸ ਮਾਰਚ: ਬਾਬਾ ਹਰਦੀਪ ਸਿੰਘ ਮਹਿਰਾਜ



**ਨਵੀਂ ਦਿੱਲੀ, 22 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:-ਭਾਰਤੀ ਗਣਤੰਤਰ ਦਿਵਸ 25 ਜਨਵਰੀ ਮੌਕੇ ਦਲ ਖ਼ਾਲਸਾ ਨੇ ਪੰਜਾਬ ਵਿਚ ਤਿੰਨ ਵੱਖ ਵੱਖ ਥਾਵਾਂ ਮਾਲਵਾ ਦਾ ਮਾਨਸਾ, ਮਾਝਾ ਦਾ ਗੁਰਦਾਸਪੁਰ ਤੇ ਦੁਆਬੇ ਦਾ ਜਲੰਧਰ ਵਿਚ ਰੋਸ ਮਾਰਚ ਕਰਨ ਦਾ ਐਲਾਨ ਕੀਤਾ ਹੈ। ਜਾਰੀ ਪ੍ਰੈਸ ਬਿਆਨ ਵਿਚ ਦਲ ਖਾਲਸਾ ਦੇ ਆਗੂ ਬਾਬਾ ਹਰਦੀਪ ਸਿੰਘ ਮਹਿਰਾਜ ਨੇ ਕਿਹਾ ਕਿ ਭਾਰਤੀ ਅਜਾਦੀ ਤੇ ਗਣਤੰਤਰ ਦਿਵਸ ਸਿੱਖ ਕੌਮ ਤੇ ਹੋਰਨਾਂ ਘੱਟ ਗਿਣਤੀਆਂ ਲਈ ਇਕ ਧਰੋਹ, ਫਰੇਬ ਤੇ ਫਰਾੜ ਹਨ। ਉਹਨਾਂ ਕਿਹਾ ਕਿ ਮਾਨਸਾ ਵਿਚ 25 ਜਨਵਰੀ ਨੂੰ ਹੋਣ ਵਾਲੇ ਅਜਾਦੀ ਦਿਵਸ ’ਚ ਬਠਿੰਡਾ, ਸੰਗਰੂਰ, ਬਰਨਾਲਾ ਤੇ ਮਾਨਸਾ ਜਿਲ੍ਹਿਆਂ ਦੀ ਸੰਗਤ ਨੂੰ ਪੁੱਜਣ ਦੀ ਅਪੀਲ ਕੀਤੀ ਜਾਂਦੀ ਹੈ ਤਾਂ ਕਿ ਇੰਡੀਅਨ ਸਟੇਟ ਬੋਲ਼ੇ ਕੰਨਾਂ ਤੱਕ ਪੀੜ੍ਹਤ ਕੌਮ ਦੀ ਆਵਾਜ਼ ਬੁਲੰਦ ਕੀਤੀ ਜਾਵੇ। ਇਸ ਮੌਕੇ ਦਲ ਖਾਲਸਾ ਵਰਕਿੰਗ ਕਮੇਟੀ ਮੈਂਬਰ ਭਾਈ ਗੁਰਵਿੰਦਰ ਸਿੰਘ ਬਠਿੰਡਾ, ‘ਕੌਰਨਾਮਾ’ ਦੇ ਲੇਖਕ ਬਲਜਿੰਦਰ ਸਿੰਘ ਕੋਟਭਾਰਾ, ਦਲ ਖਾਲਸਾ ਦੇ ਭਾਈ ਰਾਮ ਸਿੰਘ ਢਪਾਲੀ, ਭਾਈ ਜੀਵਨ ਸਿੰਘ ਗਿੱਲ ਕਲਾਂ, ਭਾਈ ਭਗਵਾਨ ਸਿੰਘ ਸੰਧੂ ਖੁਰਦ ਤੇ ਭਾਈ ਬਲਕਰਨ ਸਿੰਘ ਡੱਬਵਾਲੀ ਨੇ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਕਿ ਭਾਈ ਹਰਦੀਪ ਸਿੰਘ ਨਿੱਝਰ ਸਮੇਤ ਦੇਸ਼-ਵਿਦੇਸ਼ ਵਿੱਚ ਸਿੱਖ ਕਾਰਕੁਨਾਂ ਦੀਆਂ ਟਾਰਗੇਟ ਕਿਲਿੰਗਜ਼, ਪੀਲੀਭੀਤ ਵਿਖੇ ਵਾਪਰਿਆ ਝੂਠਾ ਪੁਲਿਸ ਮੁਕਾਬਲਾ, ਯੂ.ਏ.ਪੀ.ਏ. ਅਤੇ ਐਨ.ਐਸ.ਏ. ਵਰਗੇ ਕਾਲੇ ਕਨੂੰਨਾਂ ਰਾਹੀ ਕੀਤੀਆਂ ਨਜ਼ਾਇਜ਼ ਨਜ਼ਰਬੰਦੀਆਂ, ਸਵੈ-ਰਾਜ ਦੀ ਇੱਛਾ ਰੱਖਣ ਵਾਲੀਆਂ ਨਸਲੀ ਘੱਟ ਗਿਣਤੀਆਂ ਨੂੰ ਸਵੈ-ਨਿਰਣੇ ਦੇ ਅਧਿਕਾਰ ਤੋਂ ਇਨਕਾਰ ਕਰਨ ਅਤੇ ਭਾਰਤ ਸਰਕਾਰ ਦੀਆਂ ਕਿਸਾਨ-ਵਿਰੋਧੀ ਅਤੇ ਕਾਰਪੋਰੇਟ-ਪੱਖੀ ਨੀਤੀਆਂ ਦੇ ਵਿਰੋਧ ਵਿੱਚ ਮਾਰਚ ਕੀਤਾ ਜਾਵੇਗਾ। ਦਲ ਖਾਲਸਾ ਵਲੋ ਡੋਨਾਲਡ ਟਰੰਪ ਨੂੰ ਮੁਬਾਰਕਬਾਦ ਜਿਨ੍ਹਾਂ ਨੇ ਮੁੜ ਇੱਕ ਵਾਰ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਹਲਫ਼ ਲਿਆ ਹੈ। ਡੋਨਾਲਡ ਟਰੰਪ ਪਾਸੋਂ ਉਮੀਦ ਅਤੇ ਆਸ ਜਿਤਾਉਂਦੇ ਹਾਂ ਕਿ ਰਾਸ਼ਟਰਪਤੀ ਬਾਈਡਨ ਪ੍ਰਸ਼ਾਸਨ ਵੱਲੋਂ ਭਾਰਤੀ ਹਕੂਮਤ ਦੀਆਂ ਵਿਦੇਸ਼ਾਂ ਦੀ ਧਰਤੀ ਤੇ ਗੈਰ-ਨਿਆਇਕ ਕਤਲਾਂ ਦੇ ਨੀਤੀ ਨੂੰ ਨਕੇਲ ਪਾਉਣ ਦੀ ਵਿੱਢੀ ਮੁਹਿੰਮ ਨੂੰ ਅੰਜਾਮ ਤੱਕ ਲੈ ਕੇ ਜਾਣਗੇ ਅਤੇ ਭਾਰਤ ਨੂੰ ਦੁਨੀਆਂ ਦੀ ਕਚਹਿਰੀ ਵਿੱਚ ਜੁਆਬਦੇਹ ਬਣਾਉਣਗੇ।

# ਹਾਰਵਰਡ ਯੂਨੀਵਰਸਿਟੀ ਵਿਖੇ ਭਾਸ਼ਣ ਦੇਣ ਲਈ ਵਿਕਰਮਜੀਤ ਸਿੰਘ ਸਾਹਨੀ ਨੂੰ ਮਿਲਿਆ ਸੱਦਾ



ਨਵੀਂ ਦਿੱਲੀ 22 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਡਾ. ਵਿਕਰਮਜੀਤ ਸਿੰਘ ਸਾਹਨੀ, ਸੰਸਦ ਮੈਂਬਰ, ਰਾਜ ਸਭਾ, ਨੂੰ ਹਾਰਵਰਡ ਯੂਨੀਵਰਸਿਟੀ ਵਿਖੇ ਇੰਡੀਆ ਕਾਨਫਰੰਸ ਦੇ 22ਵੇਂ ਐਡੀਸ਼ਨ ਵਿੱਚ ਭਾਸ਼ਣ ਦੇਣ ਲਈ ਸੱਦਾ ਦਿੱਤਾ ਗਿਆ ਹੈ, ਜੋ ਕਿ ਉੱਤਰੀ ਅਮਰੀਕਾ ਦੀਆਂ ਸਭ ਤੋਂ ਵੱਕਾਰੀ ਕਾਨਫਰੰਸਾਂ ਵਿੱਚੋਂ ਇੱਕ ਹੈ।ਇਹ ਕਾਨਫਰੰਸ 15-16 ਫਰਵਰੀ, 2025 ਨੂੰ ਹਾਰਵਰਡ ਯੂਨੀਵਰਸਿਟੀ, ਬੋਸਟਨ ਵਿਖੇ ਹੋਵੇਗੀ, ਅਤੇ ਇਸ ਵਿਚ ਭਾਰਤ ਦੀ ਪਰਿਵਰਤਨਸ਼ੀਲ ਵਿਕਾਸ ਯਾਤਰਾ ’ਤੇ ਚਰਚਾ ਕਰਨ ਲਈ ਵਿਸ਼ਵਵਿਆਪੀ ਨੇਤਾ, ਪੇਸ਼ੇਵਰ ਮਾਹਿਰ ਅਤੇ ਵਿਦਿਆਰਥੀ ਸ਼ਾਮਿਲ ਹੋਣਗੇ। ਡਾ. ਸਾਹਨੀ ਨੇ ਇਹ ਵੀ ਦੱਸਿਆ ਕਿ ਕਾਨਫਰੰਸ ਵਿੱਚ ਉਨ੍ਹਾਂ ਦੇ ਨਾਲ ਹੋਰ ਬੁਲਾਰੇ ਨੀਤਾ ਅੰਬਾਨੀ (ਚੇਅਰਪਰਸਨ ਰਿਲਾਇੰਸ ਫਾਊਂਡੇਸ਼ਨ), ਆਸ਼ੀਸ਼ ਚੌਹਾਨ (ਨੈਸ਼ਨਲ ਸਟਾਕ ਐਕਸਚੇਂਜ ਦੇ ਐਮਡੀ ਅਤੇ ਸੀਈਓ), ਅਤੇ ਮਸ਼ਹੂਰ ਫੈਸ਼ਨ ਡਿਜ਼ਾਈਨਰ ਸਬਿਆਸਾਚੀ ਮੁਖਰਜੀ ਹੋਣਗੇ। ਡਾ. ਸਾਹਨੀ ਨੇ ਇਸ ਮੌਕੇ ਲਈ ਧੰਨਵਾਦ ਪ੍ਰਗਟ ਕਰਦੇ ਹੋਏ ਕਿਹਾ, “ਹਾਰਵਰਡ ਵਿਖੇ ਇੰਡੀਆ ਕਾਨਫਰੰਸ ਵਿੱਚ ਬੋਲਣ ਲਈ ਸੱਦਾ ਮਿਲਣਾ ਇੱਕ ਸਨਮਾਨ ਦੀ ਗੱਲ ਹੈ। ਇਹ ਮੰਚ ਭਾਰਤ ਦੇ ਭਵਿੱਖ ਨੂੰ ਆਕਾਰ ਦੇਣ ਲਈ ਵਚਨਬੱਧ ਕੁਝ ਸਭ ਤੋਂ ਰੋਸ਼ਨ ਦਿਮਾਗਾਂ ਅਤੇ ਨੇਤਾਵਾਂ ਨੂੰ ਆਮੰਤ੍ਰਿਤ ਕਰਦਾ ਹੈ। ਮੈਂ ਭਾਰਤ ਦੀ ਗਤੀਸ਼ੀਲ ਵਿਕਾਸ ਕਹਾਣੀ ਅਤੇ ਅੱਗੇ ਆਉਣ ਵਾਲੀਆਂ ਚੁਣੌਤੀਆਂ ਅਤੇ ਮੌਕਿਆਂ ਬਾਰੇ ਸੂਝ-ਬੂਝ ਸਾਂਝੀ ਕਰਨ ਲਈ ਉਤਸੁਕ ਹਾਂ।” ਡਾ. ਸਾਹਨੀ ਨੇ ਕਿਹਾ ਕਿ 1,000 ਤੋਂ ਵੱਧ ਹਾਜ਼ਰੀਨ ਦੇ ਨਾਲ, ਇਹ ਕਾਨਫਰੰਸ ਵਿਦਿਆਰਥੀਆਂ, ਪੇਸ਼ੇਵਰਾਂ ਅਤੇ ਵਿਸ਼ਵਵਿਆਪੀ ਵਿਚਾਰਧਾਰਾਵਾਂ ਦੇ ਨੇਤਾਵਾਂ ਨਾਲ ਪੈਨਲ ਚਰਚਾਵਾਂ ਅਤੇ ਫਾਇਰਸਾਈਡ ਚੈਟਾਂ ਰਾਹੀਂ ਜੁੜਨ ਦਾ ਇੱਕ ਮੌਕਾ ਪ੍ਰਦਾਨ ਕਰੇਗੀ।ਵਿਸ਼ਵਵਿਆਪੀ ਦਰਸ਼ਕਾਂ ਨਾਲ ਅਨੁਭਵ ਸਾਂਝੇ ਕਰਨ ਨਾਲ ਨਾ ਸਿਰਫ਼ ਸੰਵਾਦ ਨੂੰ ਅਮੀਰ ਬਣਾਇਆ ਜਾਂਦਾ ਹੈ ਬਲਕਿ ਭਾਰਤ ਅਤੇ ਅੰਤਰਰਾਸ਼ਟਰੀ ਭਾਈਚਾਰੇ ਵਿਚਕਾਰ ਦ੍ਰਿਸ਼ਟੀਕੋਣਾਂ ਨੂੰ ਜੋੜਨ ਵਿੱਚ ਵੀ ਮਦਦ ਮਿਲਦੀ ਹੈ।

### ਮਿਸਟਰ ਡੋਨਾਲਡ ਟਰੰਪ ਵੱਲੋਂ ਅਮਰੀਕਾ ਦੇ


# 47ਵੇਂ ਪ੍ਰੈਜੀਡੈਂਟ ਦੀ ਸੌਹ ਚੁੱਕਣ 'ਤੇ ਮੁਬਾਰਕਬਾਦ : ਮਾਨ




**ਫ਼ਤਹਿਗੜ੍ਹ ਸਾਹਿਬ, 22 ਜਨਵਰੀ (ਆਵਾਜ਼ਿ ਕੌਮ ਬਿਊਰੋ)**-"ਮਿਸਟਰ ਡੋਨਾਲਡ ਟਰੰਪ ਜੋ ਅਮਰੀਕਾ ਵਰਗੇ ਵੱਡੇ ਮੁਲਕ ਦੇ ਦੂਸਰੀ ਵਾਰ ਬਤੌਰ ਪ੍ਰੈਜੀਡੈਂਟ ਦੀ ਬੀਤੇ ਦਿਨੀਂ ਸੌਹ ਚੁੱਕਣ ਬਾਅਦ ਆਪਣੇ ਦੂਸਰੇ ਕਾਰਜਕਾਲ ਵਿਚ ਆਏ ਹਨ, ਅਸੀ ਇਸ ਵੱਡੀ ਖੁਸ਼ੀ ਦੇ ਮੌਕੇ ਉਤੇ ਮਿਸਟਰ ਡੋਨਾਲਡ ਟਰੰਪ, ਉਨ੍ਹਾਂ ਦੇ ਪਰਿਵਾਰਿਕ ਮੈਬਰਾਂ ਅਤੇ ਅਮਰੀਕਨ ਨਿਵਾਸੀਆ ਨੂੰ ਜਿਥੇ ਹਾਰਦਿਕ ਮੁਬਾਰਕਬਾਦ ਭੇਜਦੇ ਹਾਂ, ਉਥੇ ਇਸ ਗੱਲ ਲਈ ਉਸ ਅਕਾਲ ਪੁਰਖ ਦੇ ਚਰਨਾਂ ਵਿਚ ਅਰਜੋਈ ਕਰਦੇ ਹਾਂ ਕਿ ਉਨ੍ਹਾਂ ਨੂੰ ਹਰ ਖੇਤਰ ਵਿਚ ਪਹਿਲੇ ਨਾਲੋ ਵੀ ਵਧੇਰੇ ਸ਼ਕਤੀ, ਬੁੱਧੀ, ਦੂਰ ਅੰਦੇਸ਼ੀ ਦੀ ਬਖਸਿਸ ਕਰਨ ਤਾਂ ਕਿ ਉਹ ਜਿਥੇ ਅਮਰੀਕਨ ਨਿਵਾਸੀਆ ਦੀ ਹਰ ਖੇਤਰ ਵਿਚ ਬਿਹਤਰੀ ਕਰ ਸਕਣ ਉਥੇ ਕੌਮਾਂਤਰੀ ਪੱਧਰ ਤੇ ਵੱਖ-ਵੱਖ ਮੁਲਕਾਂ ਵਿਚ ਘੱਟ ਗਿਣਤੀ ਕੌਮਾਂ ਨਾਲ ਹੁਕਮਰਾਨਾਂ ਵੱਲੋ ਹੋ ਰਹੀਆ ਜਿਆਦਤੀਆਂ, ਮਨੁੱਖੀ ਅਧਿਕਾਰਾਂ ਦੇ ਉਲੰਘਣ ਅਤੇ ਬੇਇਨਸਾਫ਼ੀਆਂ ਦਾ ਅੰਤ ਕਰਵਾਉਣ ਲਈ ਆਪਣੇ ਇਸ ਅਹੁਦੇ ਦੀ ਵਰਤੋ ਕਰਦੇ ਹੋਏ ਦੂਰ ਕਰਵਾ ਸਕਣ ਅਤੇ ਸੰਸਾਰ ਪੱਧਰ ਤੇ ਜੋ ਵੱਖ-ਵੱਖ ਮੁਲਕਾਂ ਦੀਆਂ ਆਪਣੀਆ ਦੁਸ਼ਮਣੀਆਂ ਦੀ ਬਦੌਲਤ ਸੰਸਾਰ ਤੀਸਰੀ ਸੰਸਾਰ ਜੰਗ ਵੱਲ ਵੱਧਦਾ ਨਜਰ ਆ ਰਿਹਾ ਹੈ, ਇਸ ਅਤਿ ਗੰਭੀਰ ਮੁੱਦੇ ਉਤੇ ਉਹ ਆਪਣੇ ਅਮਲ ਕਰਦੇ ਹੋਏ ਸੰਸਾਰ ਨੂੰ ਜੰਗਾਂ-ਯੁੱਧਾਂ ਤੋ ਦੂਰ ਕਰਦੇ ਹੋਏ ਸਮੁੱਚੇ ਸੰਸਾਰ ਵਿਚ ਅਮਨ ਚੈਨ ਤੇ ਜਮਹੂਰੀਅਤ ਕਾਇਮ ਕਰਨ ਲਈ ਯੋਗਦਾਨ ਪਾ ਸਕਣ ।" ਇਹ ਮੁਬਾਰਕਬਾਦ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮਿਸਟਰ ਡੋਨਾਲਡ ਟਰੰਪ ਵੱਲੋ ਬਤੌਰ ਅਮਰੀਕਾ ਦੇ 47ਵੇਂ ਪ੍ਰੈਜੀਡੈਂਟ ਵੱਜੋ ਸੌਹ ਚੁੱਕਣ ਦੇ ਮੌਕੇ ਉਤੇ ਮਿਸਟਰ ਡੋਨਾਲਡ ਟਰੰਪ ਅਤੇ ਅਮਰੀਕਨਾਂ ਨੂੰ ਹਾਰਦਿਕ ਮੁਬਾਰਕਬਾਦ ਭੇਜਦੇ ਹੋਏ ਅਤੇ ਸਮੁੱਚੇ ਸੰਸਾਰ ਵਿਚ ਜਿਥੇ ਕਿਤੇ ਵੀ ਘੱਟ ਗਿਣਤੀ ਕੌਮਾਂ ਨਾਲ ਬੇਇਨਸਾਫ਼ੀ ਹੋ ਰਹੀ ਹੈ ਜਾਂ ਸੰਸਾਰ ਜੰਗ ਵੱਲ ਵੱਧਦਾ ਨਜਰ ਆ ਰਿਹਾ ਹੈ, ਉਸ ਨੂੰ ਦ੍ਰਿੜਤਾ ਅਤੇ ਦੂਰ ਅੰਦੇਸ਼ੀ ਨਾਲ ਖਤਮ ਕਰਵਾਉਣ ਦੀ ਵੱਡੀ ਉਮੀਦ ਕਰਦੇ ਹੋਏ ਦਿੱਤੀ ।ਉਨ੍ਹਾਂ ਕਿਹਾ ਕਿ ਅਸੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸਿੱਖ ਕੌਮ ਉਨ੍ਹਾਂ ਤੋ ਇਹ ਵੱਡੀ ਉਮੀਦ ਕਰਦੇ ਹਾਂ ਕਿ ਜੋ ਇੰਡੀਅਨ ਮੋਦੀ ਦੀ ਬੀਜੇਪੀ-ਆਰ.ਐਸ.ਐਸ ਹਕੂਮਤ ਅਤੇ ਇਸ ਵਿਚ ਸਾਮਿਲ ਮੁਤੱਸਵੀ ਵਜੀਰ ਅਤੇ ਕਾਤਲ ਅਫਸਰਸਾਹੀ ਇੰਡੀਆ ਵਿਚ ਵੱਸਣ ਵਾਲੀ ਘੱਟ ਗਿਣਤੀ ਕੌਮ ਸਿੱਖ ਨੌਜਵਾਨਾਂ ਨੂੰ ਜੋ ਅਮਰੀਕਾ, ਕੈਨੇਡਾ, ਬਰਤਾਨੀਆ, ਪਾਕਿਸਤਾਨ ਆਦਿ ਯੂਰਪਿੰਨ ਮੁਲਕਾਂ ਵਿਚ ਵੱਸਦੇ ਹਨ ਅਤੇ ਉਨ੍ਹਾਂ ਮੁਲਕਾਂ ਦੀ ਤਰੱਕੀ ਵਿਚ ਯੋਗਦਾਨ ਪਾ ਰਹੇ ਹਨ, ਉਨ੍ਹਾਂ ਨੂੰ ਨਿਸ਼ਾਨਾਂ ਬਣਾਕੇ ਜੋ ਕਤਲੇਆਮ ਕੀਤਾ ਜਾ ਰਿਹਾ ਹੈ, ਮਨੁੱਖੀ ਅਧਿਕਾਰਾਂ ਦਾ ਉਲੰਘਣ ਹੋ ਰਿਹਾ ਹੈ, ਉਸ ਵਿਰੁੱਧ ਮਿਸਟਰ ਟਰੰਪ ਸਖਤ ਕਾਰਵਾਈ ਕਰਨ ਦੀ ਜਿੰਮੇਵਾਰੀ ਨਿਭਾਉਣ ।ਕਿਉਂਕਿ ਅਜਿਹੇ ਕਤਲੇਆਮ ਦੇ ਵਰਤਾਰੇ ਨਾਲ ਇਨ੍ਹਾਂ ਵੱਡੇ ਮੁਲਕਾਂ ਦੀ ਪ੍ਰਭੂਸਤਾ ਨੂੰ ਵੀ ਇੰਡੀਅਨ ਹੁਕਮਰਾਨ ਚੁਣੌਤੀ ਦੇ ਰਹੇ ਹਨ । ਇਥੋ ਤੱਕ ਸ. ਗੁਰਪਤਵੰਤ ਸਿੰਘ ਪੰਨੂ ਉਤੇ ਮਾਰਨ ਦੀ ਹਮਲੇ ਦੀ ਸਾਜਿਸ ਰਚਕੇ ਅਮਰੀਕਾ ਦੀ ਪ੍ਰਭੂਸਤਾ ਤੇ ਮੁਨਰੋ ਡਾਕਟਰੀਨ ਨੂੰ ਵੀ ਚੁਣੌਤੀ ਦੇ ਰਹੇ ਹਨ। ਜੇਕਰ ਇਸ ਤਰ੍ਹਾਂ ਅਮਰੀਕਾ, ਕੈਨੇਡਾ, ਬਰਤਾਨੀਆ ਵਰਗੇ ਵੱਡੇ ਮੁਲਕਾਂ ਵਿਚ ਵੱਸਣ ਵਾਲੇ ਇਨ੍ਹਾਂ ਮੁਲਕਾਂ ਦੇ ਸਿੱਖ ਨਾਗਰਿਕਾਂ ਦੀ ਜਿੰਦਗੀ ਨਾਲ ਖਿਲਵਾੜ ਕਰਨ ਦੀ ਇਨ੍ਹਾਂ ਜਾਲਮ ਹੁਕਮਰਾਨਾਂ ਨੂੰ ਖੁੱਲ੍ਹ ਦੇ ਦਿੱਤੀ ਗਈ ਤਾਂ ਇਨ੍ਹਾਂ ਮੁਲਕਾਂ ਦੀ ਆਪਣੀ ਆਜਾਦ ਹਸਤੀ ਅਤੇ ਪ੍ਰਭੂਸਤਾ ਤੇ ਬਹੁਤ ਵੱਡਾ ਪ੍ਰਸ਼ਨ ਚਿੰਨ੍ਹ ਲੱਗ ਜਾਵੇਗਾ । ਇਸ ਲਈ ਅਮਰੀਕਾ ਸਮੇਤ ਫਾਈਵ ਆਈ ਮੁਲਕਾਂ ਨੂੰ ਸਮੂਹਿਕ ਤੌਰ ਤੇ ਇੰਡੀਆ ਦੇ ਸਿੱਖਾਂ ਨੂੰ ਕਤਲ ਕਰਨ ਦੇ ਗੰਭੀਰ ਮਸਲੇ ਉਤੇ ਸਖਤ ਕਾਰਵਾਈ ਕਰਦੇ ਹੋਏ, ਕਿੰਨੇ ਵੀ ਉਚੇ ਤੋ ਉੱਚੇ ਅਹੁਦੇ ਤੇ ਕੋਈ ਇੰਡੀਅਨ ਕਾਤਲ ਕਿਉਂ ਨਾ ਬੈਠਾ ਹੋਵੇ, ਉਸ ਨੂੰ ਕੌਮਾਂਤਰੀ ਕਾਨੂੰਨਾਂ, ਨਿਯਮਾਂ ਅਨੁਸਾਰ ਅਵੱਸ ਸਜ਼ਾ ਦਿਵਾਉਣ ਦੀ ਜਿੰਮੇਵਾਰੀ ਨਿਭਾਉਣੀ ਚਾਹੀਦੀ ਹੈ ।ਅਜਿਹਾ ਅਮਲ ਕਰਕੇ ਹੀ ਮਿਸਟਰ ਡੋਨਾਲਡ ਟਰੰਪ ਆਪਣੇ ਮੁਲਕ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੇ ਚੈਪੀਅਨ ਦੇ ਬਣੇ ਹੋਏ ਸੰਸਾਰਕ ਅਕਸ ਨੂੰ ਕਾਇਮ ਰੱਖ ਸਕਣਗੇ ਅਤੇ ਘੱਟ ਗਿਣਤੀ ਕੌਮਾਂ, ਮਜਲੂਮਾਂ, ਲਤਾੜੇ ਵਰਗਾਂ ਦੇ ਇਨਸਾਨੀ ਤੇ ਸਮਾਜਿਕ ਹੱਕਾਂ ਦੀ ਰੱਖਿਆ ਕਰਨ ਦੀ ਜਿੰਮੇਵਾਰੀ ਨਿਭਾਅ ਰਹੇ ਹੋਣਗੇ ।

### ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜੁਝਾਰੂ ਸ਼ਹੀਦ

# ਭਾਈ ਗੁਰਸਾਹਿਬ ਸਿੰਘ ਮੰਡਿਆਲਾ ਦੀ ਯਾਦ 'ਚ ਕਰਵਾਇਆ ਮਹਾਨ ਸ਼ਹੀਦੀ ਸਮਾਗਮ



**ਅੰਮ੍ਰਿਤਸਰ, 22 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਸੰਘਰਸ਼ 'ਚ ਸ਼ਹਾਦਤ ਦਾ ਜਾਮ ਪੀਣ ਵਾਲੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਖ਼ਾਲਸਾ ਕਾਲਜ ਯੂਨਿਟ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਪ੍ਰਧਾਨ ਸ਼ਹੀਦ ਭਾਈ ਗੁਰਸਾਹਿਬ ਸਿੰਘ ਮੰਡਿਆਲਾ ਉਰਫ਼ ਭਾਈ ਇੰਦਰਪਾਲ ਸਿੰਘ ਖ਼ਾਲਸਾ ਦਾ ਸ਼ਹੀਦੀ ਦਿਹਾੜਾ ਉਹਨਾਂ ਦੇ ਗ੍ਰਹਿ, ਪਿੰਡ ਮੰਡਿਆਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਖ਼ਾਲਸਾਈ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ ।ਦਮਦਮੀ ਟਕਸਾਲ ਅਜਨਾਲਾ ਦੇ ਜਥੇ ਵੱਲੋਂ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ, ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੇਵ ਸਿੰਘ ਅਤੇ ਖ਼ਾਲਸਾ ਸੇਵਾ ਟਰੱਸਟ ਦੇ ਬੱਚਿਆਂ ਨੇ ਕੀਰਤਨ ਕੀਤਾ ਤੇ ਕਥਾਵਾਚਕ ਭਾਈ ਦੀਪ ਸਿੰਘ ਪਾਉਂਟਾ ਸਾਹਿਬ ਨੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ।ਉਪਰੰਤ ਪੰਥਕ ਆਗੂ ਭਾਈ ਮੋਹਕਮ ਸਿੰਘ ਦਮਦਮੀ ਟਕਸਾਲ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਜਥਾ ਸਿਰਲੱਥ ਖਾਲਸਾ ਦੇ ਮੁੱਖ ਜਥੇਦਾਰ ਭਾਈ ਦਿਲਬਾਗ ਸਿੰਘ ਸੁਲਤਾਨਵਿੰਡ, ਜਥੇਦਾਰ ਭਾਈ ਪ੍ਰਤਾਪ ਸਿੰਘ ਧਰਮੀ ਫੌਜੀ, ਜਥੇਦਾਰ ਬਾਬਾ ਪੰਜਾਬ ਸਿੰਘ ਸੁਲਤਾਨਵਿੰਡ ਪੰਜਹੱਥਾ, ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਆਗੂ ਭਾਈ ਸੂਬਾ ਸਿੰਘ ਰਾਮਰੌਣੀ, ਭਾਈ ਸੁਖਦੇਵ ਸਿੰਘ ਨਾਗੋਕੇ ਅਤੇ ਭਾਈ ਸ਼ਮਸ਼ੇਰ ਸਿੰਘ ਆਦਿ ਪੰਥਕ ਬੁਲਾਰਿਆਂ ਨੇ ਮੌਜੂਦਾ ਸੰਘਰਸ਼ ਪ੍ਰਤੀ ਵਿਚਾਰ ਸਾਂਝੇ ਕੀਤੇ।ਬੁਲਾਰਿਆਂ ਨੇ ਕਿਹਾ ਕਿ ਭਾਈ ਗੁਰਸਾਹਿਬ ਸਿੰਘ ਮੰਡਿਆਲਾ 22 ਜਨਵਰੀ 1991 ਨੂੰ ਸ਼ਹਾਦਤ ਪ੍ਰਾਪਤ ਕਰ ਗਏ ਸਨ, ਉਹਨਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਭਾਈ ਅਮਰੀਕ ਸਿੰਘ ਜੀ ਦੀ ਸੰਗਤ ਮਾਣੀ ਸੀ। ਭਾਈ ਗੁਰਸਾਹਿਬ ਸਿੰਘ ਨੇ ਗੁਰਮਤਿ ਕੈਂਪ, ਮਾਰਚ, ਪ੍ਰਦਰਸ਼ਨ, ਧਰਨੇ, ਸੈਮੀਨਾਰ, ਰੈਲੀਆਂ ਤੇ ਸਮਾਗਮ ਕਰਕੇ ਲੋਕਾਂ ਵਿੱਚ ਖ਼ਾਲਿਸਤਾਨ ਦੀ ਅਜ਼ਾਦੀ ਦੇ ਸੰਘਰਸ਼ ਪ੍ਰਤੀ ਜਾਗਰੂਕਤਾ ਪੈਦਾ ਕੀਤੀ ਸੀ। ਉਹ ਸੰਨ 1988 ਵਿੱਚ ਟਾਡਾ ਅਧੀਨ ਜੇਲ੍ਹ ਵਿੱਚ ਵੀ ਰਹੇ ਤੇ ਭਾਰੀ ਤਸ਼ੱਦਦ ਵੀ ਝੱਲਿਆ। ਇਸ ਪਰਿਵਾਰ ਦੀ ਸਿੱਖ ਸੰਘਰਸ਼ ਨੂੰ ਵੱਡੀ ਦੇਣ ਹੈ। ਉਹਨਾਂ ਕਿਹਾ ਕਿ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਪਹਿਰਾ ਦੇਣਾ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੈ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਸ਼ਹੀਦ ਦੇ ਭਰਾਤਾ ਭਾਈ ਜਸਬੀਰ ਸਿੰਘ ਜੱਸਾ ਮੰਡਿਆਲਾ ਨੂੰ ਸਿਰੋਪਾਉ ਅਤੇ ਤਵਾਰੀਖ਼ ਸ਼ਹੀਦ ਏ ਖ਼ਾਲਿਸਤਾਨ ਕਿਤਾਬ ਭੇਟ ਕਰਕੇ ਸਨਮਾਨਿਤ ਕੀਤਾ ਗਿਆ, ਕਿਤਾਬ 'ਚ ਸ਼ਹੀਦ ਭਾਈ ਗੁਰਸਾਹਿਬ ਸਿੰਘ ਮੰਡਿਆਲਾ ਦੀ ਜੀਵਨੀ ਵੀ ਛਪੀ ਹੋਈ ਹੈ। ਇਸ ਮੌਕੇ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ, ਭਾਈ ਸੁਰਿੰਦਰਪਾਲ ਸਿੰਘ, ਭਾਈ ਕਾਰਜ ਸਿੰਘ ਸਾਂਘਣਾ, ਸੱਜਣ ਸਿੰਘ ਪੱਟੀ ਆਦਿ ਹਾਜ਼ਰ ਸਨ।

**ਖ਼ਾਲਿਸਤਾਨ ਦੇ ਸੰਘਰਸ਼ ਪ੍ਰਤੀ ਲੋਕਾਂ 'ਚ ਜਾਗਰੂਕਤਾ ਪੈਦਾ ਕੀਤੀ ਜਾਏ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ**

# ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਫ਼ਿਰੋਜ਼ਪੁਰ 26 ਜਨਵਰੀ ਨੂੰ ਮਨਾਏਗਾ ਗਣਤੰਤਰ ਦਿਵਸ

**ਫ਼ਿਰੋਜ਼ਪੁਰ, 22 ਜਨਵਰੀ (ਮਨੋਹਰ ਲਾਲ) :—** ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਫ਼ਿਰੋਜ਼ਪੁਰ ਵੱਲੋਂ ਗਣਤੰਤਰ ਦਿਵਸ ਦੇ ਸ਼ੁਭ ਅਵਸਤ ਤੇ ਮਿਤੀ 26 ਜਨਵਰੀ 2025 ਨੂੰ ਸਵੇਰੇ 11 ਵਜੇ ਬਾਗੀ ਪਾਰਕ ਨੇੜੇ ਨਾਮਦੇਵ ਚੌਂਕ, ਬਾਗੀ ਰੋਡ ਫ਼ਿਰੋਜ਼ਪੁਰ ਸ਼ਹਿਰ ਵਿਖੇ ਵਿਸ਼ੇਸ਼ ਸਮਾਗਮ ਕਰੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦੀਵਾਨ ਚੰਦ ਸੁਖੀਜਾ ਚੇਅਰਮੈਨ ਅਤੇ ਕੇ.ਸੀ ਜਾਗੋਵਾਲੀਆ ਪ੍ਰਧਾਨ ਅਤੇ ਪਰਵੀਨ ਧਵਨ ਜਨਰਲ ਸਕੱਤਰ ਨੇ ਦੱਸਿਆ ਕਿ ਇਸ ਸਮਾਗਮ ਲਈ ਸੁਸਾਇਟੀ ਦੇ ਸਮੂਹ ਮੈਂਬਰਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਮੇਂ ਸਿਰ ਸਮਾਗਮ ਵਿਚ ਸ਼ਿਰਕਤ ਕਰਨ ਤਾਂ ਜੋ ਸਵੇਰੇ 11 ਵਜੇ ਸਮਾਗਮ ਸ਼ੁਰੂ ਕੀਤਾ ਜਾ ਸਕੇ।

# ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਕੌਮੀ ਇਨਸਾਫ਼ ਮੋਰਚੇ ਵੱਲੋਂ 25 ਜਨਵਰੀ ਨੂੰ ਦਿੱਤੇ ਮਹਾਂਪੰਚਾਇਤ ਦੇ ਸੱਦੇ ਦੀ ਪੂਰਨ ਹਮਾਇਤ ਕਰਦੀ ਹੈ : ਭਾਈ ਵਿਰਸਾ ਸਿੰਘ ਖਾਲਸਾ



**ਜੰਡਿਆਲਾ ਗੁਰੂ, 22 ਜਨਵਰੀ ( ਕੁਲਵੰਤ ਸਿੰਘ ਵਿਰਦੀ)**-ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਪ੍ਰੈਸ ਦੇ ਨਾਂ ਇੱਕ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਵੱਲੋਂ 25 ਜਨਵਰੀ ਨੂੰ ਦਿੱਤੇ ਮਹਾਂਪੰਚਾਇਤ ਬੁਲਾਉਣ ਵਾਲੇ ਸੱਦੇ ਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਪੂਰਨ ਹਮਾਇਤ ਕਰਦੀ ਹੋਈ ਕੇਂਦਰ ਸਰਕਾਰ ਤੋਂ ਮੰਗ ਕਰਦੀ ਹੈ ਕਿ ਲੰਮੇ ਸਮੇਂ ਤੋਂ ਚੰਡੀਗੜ੍ਹ ਦੇ ਬਾਰਡਰਾਂ ਤੇ ਬੰਦੀ ਸਿੰਘਾਂ ਦੀ ਰਿਹਾਈ ਤੇ ਕੁਝ ਹੋਰ ਪੰਥਕ ਮੰਗਾਂ ਨੂੰ ਲੈਕੇ ਬੈਠੇ ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਦੀਆਂ ਮੰਗਾਂ ਅਨੁਸਾਰ ਲੰਮੇ ਸਮੇਂ ਤੋਂ ਗੈਰ ਕਾਨੂੰਨੀ ਢੰਗ ਨਾਲ ਜੇਲਾ ਵਿੱਚ ਡੱਕੇ ਸਾਰੇ ਸਿੰਘਾ ਨੂੰ ਰਿਹਾਅ ਕਰਨ ਦੇ ਨਾਲ-ਨਾਲ ਹੋਰ ਪੰਥਕ ਮੰਗਾਂ ਤੁਰੰਤ ਪ੍ਰਵਾਨ ਕਰਨ ਦੀ ਲੋੜ ਤੇ ਜ਼ੋਰ ਦੇਣਾ ਚਾਹੀਦਾ ਹੈ ਤਾਂ ਕਿ ਚੰਡੀਗੜ੍ਹ ਦੇ ਬਾਰਡਰਾਂ ਤੇ ਬੈਠੇ ਸਾਰੇ ਮੋਰਚੇ ਦੇ ਆਗੂਆਂ ਨੂੰ ਘਰ ਪਰਤਣ ਦਾ ਸੁਭਾਗ ਪ੍ਰਾਪਤ ਹੋ ਸਕੇ, ਭਾਈ ਖਾਲਸਾ ਨੇ ਕਿਹਾ ਬੰਦੀ ਸਿੰਘ ਲੰਮੇ ਸਮੇਂ ਤੋਂ ਗੈਰ ਕਾਨੂੰਨੀ ਢੰਗ ਨਾਲ ਜੇਲਾ ਵਿੱਚ ਬੰਦ ਹਨ ,ਕਿਉਂਕਿ ਉਨ੍ਹਾਂ ਵੱਲੋਂ ਅਦਾਲਤਾ ਵੱਲੋਂ ਦਿਤੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਗਈਆਂ ਪਰ ਸਰਕਾਰ ਉਨ੍ਹਾਂ ਨੂੰ ਰਿਹਾਅ ਕਰਨ ਦਾ ਐਲਾਨ ਨਹੀਂ ਕਰ ਰਹੀ ਹੈ, ਭਾਈ ਖਾਲਸਾ ਨੇ ਕਿਹਾ ਇਸੇ ਹੀ ਕਰਕੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈਕੇ ਸਰਕਾਰ ਵਿਰੁੱਧ ਚੰਡੀਗੜ੍ਹ ਦੇ ਬਾਰਡਰ ਤੇ ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਵੱਲੋਂ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ ਭਾਈ ਖਾਲਸਾ ਨੇ ਦੱਸਿਆ ਮੋਰਚਾ ਲੱਗੇ ਨੂੰ ਸਾਲ ਤੋਂ ਉੱਪਰ ਦਾ ਸਮਾਂ ਹੋ ਚੁੱਕਾ ਹੈ ਅਤੇ ਸਰਕਾਰ ਦੇ ਕੰਨ ਤੇ ਜੂੰ ਨਹੀਂ ਸਰਕੀ ਅਤੇ ਇਸੇ ਹੀ ਰੋਸ ਨੂੰ ਮੁੱਖ ਰੱਖਦਿਆਂ ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਨੇ 25 ਜਨਵਰੀ ਨੂੰ ਚੰਡੀਗੜ੍ਹ ਦੇ ਬਾਰਡਰ ਤੇ ਮਹਾਂਪੰਚਾਇਤ ਬੁਲਾਉਣ ਦਾ ਸੱਦਾ ਦਿੱਤਾ ਹੈ ਜੋਂ ਸਮੇਂ ਅਤੇ ਲੋਕਾਂ ਦੀ ਮੰਗ ਵਾਲਾ ਸ਼ਲਾਘਾਯੋਗ ਫ਼ੈਸਲਾ ਕਿਹਾ ਜਾ ਸਕਦਾ ਹੈ ਇਸ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਕੌਮੀ ਇਨਸਾਫ਼ ਮੋਰਚੇ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਮੁੱਖ ਰੱਖਦਿਆਂ 25 ਜਨਵਰੀ ਨੂੰ ਮਹਾਂ ਪੰਚਾਇਤ ਬੁਲਾਉਣ ਦਾ ਸੱਦਾ ਦਿੱਤਾ ਹੈ ਉਸ ਦੀ ਪੂਰਨ ਹਮਾਇਤ ਕਰਦੀ ਹੋਈ ਸਰਕਾਰ ਤੋਂ ਮੰਗ ਕਰਦੀ ਹੈ ਗੈਰ ਕਾਨੂੰਨੀ ਢੰਗ ਨਾਲ ਜੇਲਾ ਵਿੱਚ ਡੱਕੇ ਹੋਏ ਸਾਰੇ ਸਿੰਘਾ ਨੂੰ ਰਿਹਾਅ ਕੀਤਾ ਜਾਵੇ, ਇਸ ਮੌਕੇ ਭਾਈ ਵਿਰਸਾ ਸਿੰਘ ਖਾਲਸਾ ਨਾਲ ਭਾਈ ਅਵਤਾਰ ਸਿੰਘ ਅੰਮ੍ਰਿਤਸਰ ਭਾਈ ਜੋਗਿੰਦਰ ਸਿੰਘ ਭਾਈ ਸੁਖਦੇਵ ਸਿੰਘ ਫ਼ੌਜੀ ਜਗਰਾਉਂ ਭਾਈ ਜਸਬੀਰ ਸਿੰਘ ਚੌਕੀਮਾਨ ਤੇ ਭਾਈ ਇੰਦਰਜੀਤ ਸਿੰਘ ਕਾਉਂਕੇ ਆਦਿ ਆਗੂ ਹਾਜਰ ਸਨ।

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਦਰਸ਼ਨਾਂ ਲਈ ਉਤਰਾਖੰਡ ਤੋਂ ਵੀ ਜਲਦ ਹੀ ਚਲਣਗੀਆਂ ਟ੍ਰੇਨਾਂ : ਡਾ. ਵਿਜੇ ਸਤਬੀਰ ਸਿੰਘ



**ਚੌਕ ਮਹਿਤਾ, 22 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਡਾ. ਵਿਜੇ ਸਤਬੀਰ ਸਿੰਘ ਪ੍ਰਸ਼ਾਸਕ ਗੁਰਦੁਆਰਾ ਸੱਚਖੰਡ ਬੋਰਡ ਨਾਂਦੇੜ ਨੇ ਦੱਸਿਆ ਕਿ ਉਤਾਰਖੰਡ ਨੂੰ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨਾਲ ਜਲਦ ਹੀ ਰੇਲਵੇ ਮਾਰਗ ਰਾਹੀਂ ਜੋੜਿਆ ਜਾਵੇਗਾ । ਪ੍ਰਸ਼ਾਸਕ ਸਾਹਿਬ ਦੇ ਸਲਾਹਕਾਰ ਸ੍ਰ: ਜਸਵੰਤ ਸਿੰਘ ਬੌਬੀ ਦਿੱਲੀ ਨੇ ਰੇਲਵੇ ਰਾਜ ਮੰਤਰੀ ਸ੍ਰ: ਰਵਨੀਤ ਸਿੰਘ ਬਿੱਟੂ ਨਾਲ ਮੁਲਾਕਾਤ ਕਰਕੇ ਉਤਰਾਖੰਡ ਦੀਆਂ ਸੰਗਤਾਂ ਨੂੰ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਆਉਣ ਸਮੇਂ ਦਰਪੇਸ਼ ਮੁਸ਼ਕਲਾਂ ਬਾਰੇ ਜਾਣੂੰ ਕਰਵਾਇਆ ਕਿ ਦਿਨ ਬ-ਦਿਨ ਸੰਗਤਾਂ ਵਿੱਚ ਵਾਧਾ ਹੋ ਰਿਹਾ ਹੈ ਅਤੇ ਤਿੰਨ ਤੋ ਚਾਰ ਮਹੀਨੇ ਬੁਕਿੰਗ ਨਹੀਂ ਮਿਲਦੀ । ਸ੍ਰ: ਬਿੱਟੂ ਜੀ ਨੇ ਭਰੋਸਾ ਦਿੱਤਾ ਕਿ ਸ਼ਹੀਦ ਊਧਮ ਸਿੰਘ ਨਗਰ ਸਮੇਤ ਮਹੱਤਵਪੂਰਨ ਸਿੱਖ ਆਬਾਦੀ ਵਾਲੇ ਪ੍ਰਮੁੱਖ ਖੇਤਰਾਂ ਨੂੰ ਰੇਲਵੇ ਮਾਰਗ ਰਾਹੀਂ ਇਤਿਹਾਸਕ ਸਥਾਨ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਨਾਲ ਜੋੜਿਆ ਜਾਵੇਗਾ ਤਾਂ ਜੋ ਸ਼ਰਧਾਲੂਆਂ ਨੂੰ ਯਾਤਰਾ ਸਮੇਂ ਮੁਸ਼ਿਕਲ ਪੇਸ਼ ਨਾ ਆਵੇ । ਡਾ. ਵਿਜੇ ਸਤਬੀਰ ਸਿੰਘ ਨੇ ਖੁਸ਼ੀ ਪ੍ਰਗਟ ਕੀਤੀ ਕਿ ਉਤਰਾਖੰਡ ਦੇ ਸਿੱਖਾਂ ਦੀ ਚਿਰਾਂ ਤੋਂ ਚਲੀ ਆ ਰਹੀ ਮੰਗ ਹੁਣ ਜਲਦੀ ਹੀ ਪੂਰੀ ਹੋਣ ਜਾ ਰਹੀ ਹੈ ਤੇ ਇਨ੍ਹਾਂ ਟਰੇਨਾਂ ਦੇ ਸ਼ੁਰੂ ਹੋਣ ਨਾਲ ਤਖ਼ਤ ਸੱਚਖੰਡ ਸਾਹਿਬ ਦੇ ਦਰਸ਼ਨਾਂ ਲਈ ਆਉਣ ਜਾਣ ਵਾਲੀਆਂ ਸਮੂੰਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੱਡਾ ਲਾਭ ਮਿਲੇਗਾ।

# ਲਓ ਜੀ ਹੁਣ ਚੋਰ ਸਤਲੁਜ਼ ਪ੍ਰੈਸ ਕਲੱਬ ਫ਼ਿਰੋਜ਼ਪੁਰ ਸ਼ਹਿਰ ਵਿਚੋਂ ਏ.ਸੀ ਦੀਆਂ ਤਾਰਾਂ ਅਤੇ ਕੋਪਰ ਪਾਈਪ ਲੈ ਉੱਡੇ

ਫ਼ਿਰੋਜ਼ਪੁਰ, 22 ਜਨਵਰੀ (ਮਨੋਹਰ ਲਾਲ) :— ਲਓ ਜੀ ਚੋਰਾਂ ਨੇ ਸਤਲੁਜ਼ ਪ੍ਰੈਸ ਕਲੱਬ ਫ਼ਿਰੋਜ਼ਪੁਰ ਵਿਚ ਤਾਕ ਲਾਉਂਦਿਆਂ ਏ.ਸੀ ਦੀਆਂ ਤਾਰਾਂ ਅਤੇ ਕੋਪਰ ਪਾਈਪਾਂ ਕੀਤੀਆਂ ਚੋਰੀ। ਬੇਸ਼ੱਕ ਬੇਖੌਫ ਹੋਏ ਚੋਰਾਂ ਵੱਲੋਂ ਹਰ ਗਲੀ—ਮੁਹੱਲੇ ਅਤੇ ਚੌਂਕ ਤੇ ਆਪਣੀ ਦਹਿਸ਼ਤ ਫੈਲਾਈ ਹੋਈ ਹੈ ਅਤੇ ਰੋਜ਼ਾਨਾ ਕਿਤੇ ਨਾ ਕਿਤੇ ਚੋਰੀ, ਲੁੱਟ—ਖੋਹ ਦੀ ਵਾਰਦਾਤ ਨੂੰ ਅੰਜਾਮ ਦੇ ਦਿੰਦੇ ਹਨ, ਪਰ ਵਾਰ—ਵਾਰ ਕਹਿਣ ਤੇ ਬਾਵਜੂਦ ਪੁਲਿਸ ਪ੍ਰਸ਼ਾਸਨ ਵੱਲੋਂ ਇਨ੍ਹਾਂ ਚੋਰਾਂ ਤੇ ਨਕੇਲ ਨਹੀਂ ਕੱਸੀ ਜਾ ਰਹੀ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਤਲੁਜ਼ ਪ੍ਰੈਸ ਕਲੱਬ ਦੇ ਚੇਅਰਮੈਨ ਵਿਜੈ ਸ਼ਰਮਾ ਅਤੇ ਪ੍ਰਧਾਨ ਗੁਰਨਾਮ ਸਿੰਘ ਸਿੱਧੂ ਨੇ ਦੱਸਿਆ ਕਿ ਚੋਰਾਂ ਅੰਦਰ ਕਿੰਨਾ ਹੌਂਸਲਾ ਹੋਵੇਗਾ ਕਿ ਉਨ੍ਹਾਂ ਨੇ ਥਾਣਾ ਸਦਰ ਦੇ ਨਜਦੀਕ ਸਤਲੁਜ਼ ਪ੍ਰੈਸ ਕਲੱਬ ਵਿਚ ਅਜਿਹੀ ਚੋਰੀ ਦੀ ਘਟਨਾ ਨੂੰ ਅੰਜਾਮ ਦਿੰਦਿਆਂ ਪੁਲਿਸ ਦਾ ਭੋਰਾ ਜਿੰਨੀ ਵੀ ਖੌਫ ਨਹੀਂ ਖਾਦਾ। ਉਨ੍ਹਾਂ ਕਿਹਾ ਕਿ ਆਏ ਦਿਨ ਹੁੰਦੀਆਂ ਚੋਰੀਆਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਅਤੇ ਇਨ੍ਹਾਂ ਲੁੱਟਾਂ—ਖੋਹਾਂ, ਚੋਰੀਆਂ ਸਦਕਾ ਫ਼ਿਰੋਜ਼ਪੁਰ ਸ਼ਹਿਰ, ਫ਼ਿਰੋਜ਼ਪੁਰ ਛਾਉਣੀ ਵਾਸੀਆਂ ਅੰਦਰ ਸਹਿਮ ਦਾ ਮਾਹੌਲ ਹੈ ਅਤੇ ਲੋਕਾਂ ਸਪੱਸ਼ਟ ਕਹਿੰਦੇ ਹਨ ਕਿ ਪਤਾ ਹੀ ਨਹੀਂ ਕਦੋਂ—ਕਿਥੇ—ਕਿਹੜੇ ਚੋਰ ਨੇ ਕਿੰਨੀ ਲੁੱਟ ਦਾ ਸ਼ਿਕਾਰ ਬਣਾ ਲੈਣਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਵਰਤਾਰਾ ਇਸੀ ਤਰ੍ਹਾਂ ਚਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਲੁੱਟਾਂ, ਖਸੁੱਟਾਂ ਅਤੇ ਚੋਰੀਆਂ ਵਿਚ ਫ਼ਿਰੋਜ਼ਪੁਰ ਜ਼ਿਲ੍ਹੇ ਭਰ ਤੋਂ ਪਹਿਲੇ ਨੰਬਰ ਤੇ ਆ ਜਾਵੇਗਾ। ਉਨ੍ਹਾਂ ਦੱਸਿਆ ਕਿ ਕੱਲ ਰਾਤ ਸਤਲੁਜ਼ ਪ੍ਰੈਸ ਕਲੱਬ ਵਿਚੋਂ ਚੋਰ ਏ.ਸੀ ਦੀਆਂ ਤਾਰਾਂ ਅਤੇ ਕੋਪਰ ਦੀਆਂ ਪਾਈਪਾਂ ਲਾਹ ਕੇ ਲੈ ਗਏ ਹਨ ਅਤੇ ਇਸ ਤੋਂ ਪਹਿਲਾਂ ਵੀ ਕਦੇ ਚੋਰ ਸਤਲੁਜ਼ ਪ੍ਰੈਸ ਕਲੱਬ ਵਿਚੋਂ ਟੂਟੀਆਂ ਲਾਹ ਕੇ ਲੈ ਜਾਂਦੇ ਹਨ ਅਤੇ ਕਦੇ ਮੇਨ ਗੇਟ ਦੇ ਜਿੰਦਰੇ ਅਤੇ ਕੁੰਡੇ ਤੋੜ ਕੇ ਲੈ ਜਾਂਦੇ ਹਨ। ਇਸ ਤੋਂ ਇਲਾਵਾ ਫ਼ਿਰੋਜ਼ਪੁਰ ਸ਼ਹਿਰ ਅਤੇ ਛਾਉਣੀ ਵਿਚੋਂ ਲਗਾਤਾਰ ਚੋਰ ਵੱਲੋਂ ਲੁੱਟਾਂ—ਖੋਹਾਂ ਹੋ ਰਹੀਆਂ ਹਨ, ਪਰ ਪੁਲਿਸ ਕੁੰਭਕਰਨੀ ਨੀਂਦ ਸੁੱਤੀ ਹੋਈ ਹੈ, ਪਤਾ ਨਹੀਂ ਕਦੋਂ ਜਾਗੇਗੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




# ਵਿਜੀਲੈਂਸ ਬਿਊਰੋ ਵੱਲੋਂ 30,000 ਰੁਪਏ ਰਿਸ਼ਵਤ ਲੈਂਦਾ ਸਿਪਾਹੀ ਗ੍ਰਿਫ਼ਤਾਰ

## ਸਹਿ-ਦੋਸ਼ੀ ਐਸ.ਐਚ.ਓ. ਗ੍ਰਿਫਤਾਰੀ ਤੋਂ ਬਚਦਾ ਹੋਇਆ ਮੌਕੇ ਤੋਂ ਫ਼ਰਾਰ



**ਹੁਸ਼ਿਆਰਪੁਰ, 22 ਜਨਵਰੀ (ਆਵਾਜ਼ਿ ਕੌਮ ਬਿਊਰੋ)**- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਚਲਾਈ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਤਹਿਤ ਹੁਸ਼ਿਆਰਪੁਰ ਜ਼ਿਲ੍ਹੇ ਦੇ ਪੁਲਿਸ ਥਾਣਾ ਗੜ੍ਹਸ਼ੰਕਰ ਵਿੱਚ ਤਾਇਨਾਤ ਸਿਪਾਹੀ ਕਿੰਦਰ ਸਿੰਘ ਨੂੰ 30000 ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕੀਤਾ ਹੈ। ਇਸ ਕੇਸ ਵਿੱਚ ਸਹਿ-ਦੋਸ਼ੀ ਐਸ.ਐਚ.ਓ. ਬਲਜਿੰਦਰ ਸਿੰਘ ਮੱਲ੍ਹੀ ਗ੍ਰਿਫ਼ਤਾਰੀ ਤੋਂ ਬਚ ਕੇ ਮੌਕੇ ਤੋਂ ਫਰਾਰ ਹੋ ਗਿਆ। ਅੱਜ ਇੱਥੇ ਇਹ ਜਾਣਕਾਰੀ ਦਿੰਦੇ ਹੋਏ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਜ਼ਿਲ੍ਹਾ ਰੂਪਨਗਰ ਦੇ ਨੰਗਲ ਸਬ-ਡਵੀਜ਼ਨ ਦੀ ਵਸਨੀਕ ਹਰਦੀਪ ਕੌਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਅਧਾਰ 'ਤੇ ਉਕਤ ਪੁਲਿਸ ਮੁਲਾਜ਼ਮ ਵਿਰੁੱਧ ਇਹ ਕੇਸ ਦਰਜ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਸ਼ਿਕਾਇਤ ਕੀਤੀ ਕਿ ਉਕਤ ਮੁਲਜ਼ਮ ਨੇ ਐਸ.ਐਚ.ਓ. ਇੰਸਪੈਕਟਰ ਬਲਜਿੰਦਰ ਸਿੰਘ ਮੱਲ੍ਹੀ ਦੇ ਨਾਂ 'ਤੇ, ਉਸ (ਹਰਦੀਪ ਕੌਰ) ਦੇ ਭਰਾ ਨੂੰ ਨਸ਼ੀਲੇ ਪਦਾਰਥਾਂ ਦੇ ਕੇਸ ਵਿੱਚ ਸ਼ਾਮਲ ਨਾ ਕਰਨ ਲਈ ਇੱਕ ਲੱਖ ਰੁਪਏ ਦੀ ਮੰਗ ਕੀਤੀ ਸੀ ਜਿਸਨੂੰ ਪੁਲਿਸ ਨੇ ਇੱਕ ਝਗੜੇ ਦੇ ਸਬੰਧ ਵਿੱਚ ਹੋਰਨਾਂ ਨਾਲ ਗ੍ਰਿਫ਼ਤਾਰ ਕੀਤਾ ਹੈ। ਇਸ ਮਾਮਲੇ ਵਿੱਚ ਸੌਦਾ 50000 ਰੁਪਏ ਵਿੱਚ ਤੈਅ ਹੋ ਗਿਆ। ਬੁਲਾਰੇ ਨੇ ਕਿਹਾ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਹੁਸ਼ਿਆਰਪੁਰ ਯੂਨਿਟ ਤੋਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਪੁਲਿਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 30000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਕਾਰਵਾਈ ਦੌਰਾਨ ਐਸ.ਐਚ.ਓ. ਬਲਜਿੰਦਰ ਸਿੰਘ ਮੱਲ੍ਹੀ ਗ੍ਰਿਫ਼ਤਾਰੀ ਤੋਂ ਬਚ ਕੇ ਮੌਕੇ ਤੋਂ ਫਰਾਰ ਹੋ ਗਿਆ। ਇਸ ਸਬੰਧ ਵਿੱਚ ਦੋਹਾਂ ਮੁਲਜ਼ਮਾਂ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

## ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ

# ਐਸ.ਡੀ.ਐਮ. ਹੁਸ਼ਿਆਰਪੁਰ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਮੰਗ ਪੱਤਰ



**ਹੁਸ਼ਿਆਰਪੁਰ, 22 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੀ ਵਰਕਿੰਗ ਕਮੇਟੀ ਦੇ ਫੈਸਲੇ ਨੂੰ ਅਮਲ ਵਿੱਚ ਲਿਆਂਉਦਿਆਂ ਅੱਜ ਇੱਥੇ ਸਾਥੀ ਗੁਰਮੇਸ਼ ਸਿੰਘ ਜਨਰਲ ਸਕੱਤਰ ਪੰਜਾਬ, ਸਾਥੀ ਹਰਬੰਸ ਸਿੰਘ ਧੂਤ ਜ਼ਿਲ੍ਹਾ ਜਨਰਲ ਸਕੱਤਰ ਅਤੇ ਸਾਥੀ ਮਹਿੰਦਰ ਸਿੰਘ ਭੀਲੋਵਾਲ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਵਿੱਚ ਐਸ.ਡੀ.ਐਮ. ਹੁਸ਼ਿਆਰਪੁਰ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਭੇਜਣ ਲਈ ਮੰਗ ਪੱਤਰ ਦਿੱਤਾ ਗਿਆ। ਪਿਛਲੇ ਦਿਨੀ ਪਿੰਡ ਦਾਨਸਿੰਘ ਵਾਲਾ ਕੋਠੇ ਜੀਵਨ ਸਿੰਘ ਜ਼ਿਲ੍ਹਾ ਬਠਿੰਡੇ ਦੇ ਗਰੀਬ ਖੇਤ ਮਜ਼ਦੂਰਾਂ ਦੇ ਘਰਾਂ ਉਪਰ 150 ਤੋਂ ਵੱਧ ਸਮਾਜ ਵਿਰੋਧੀ ਅੰਸਰਾਂ ਵੱਲੋਂ ਹਮਲਾ ਕੀਤਾ ਗਿਆ। ਘਰਾਂ ਨੂੰ ਅੱਗਾਂ ਲਗਾਈਆਂ ਗਈਆਂ, ਤੇਜ਼ ਹਥਿਆਰਾਂ ਨਾਲ ਸਾਹਮਣੇ ਆਏ ਲੋਕਾਂ ਦੀ ਕੱਟ-ਵੱਢ ਕੀਤੀ ਗਈ ਅਤੇ ਘਰਾਂ ਦੀ ਲੁੱਟ-ਮਾਰ ਕੀਤੀ ਗਈ। ਯਾਦ ਰਹੇ ਕਿ ਇਹ ਪੀੜ੍ਹਿਤ ਪਰਿਵਾਰ ਲਗਾਤਾਰ ਨਸ਼ਾ ਵੇਚਣ ਵਾਲਿਆਂ ਦਾ ਵਿਰੋਧ ਕਰਦੇ ਆ ਰਹੇ ਸਨ। ਇਹ ਸਾਰਾ ਕੁਝ ਨਸ਼ਾ ਵੇਚਣ ਵਾਲੇ ਸਮਗਲਰਾਂ ਦੇ ਇਸ਼ਾਰੇ ਤੇ ਕੀਤਾ ਗਿਆ ਹੈ। ਯੂਨੀਅਨ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਹਮਲਾ ਕਰਨ ਵਾਲੇ ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਕਾਨੂੰਨ ਅਨੁਸਾਰ ਬਣਦੀਆਂ ਸਾਰੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣ ਅਤੇ ਉਨ੍ਹਾਂ ਨੂੰ ਜੇਲ੍ਹ ਵਿੱਚ ਸੁਟਿਆ ਜਾਵੇ। ਪੀੜ੍ਹਿਤ ਪਰਿਵਾਰਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ 10 ਲੱਖ ਰੁਪਏ ਪ੍ਰਤੀ ਪਰਿਵਾਰ ਸਹਾਇਤਾ ਦਿੱਤੀ ਜਾਵੇ ਅਤੇ ਪਰਿਵਾਰ ਦੇ ਇੱਕ ਵਿਅਕਤੀ ਨੂੰ ਉਸ ਦੀ ਯੋਗਤਾ ਅਨੁਸਾਰ ਨੌਕਰੀ ਦਿੱਤੀ ਜਾਵੇ। ਇਹ ਮੰਗਾਂ ਤੁਰੰਤ ਪ੍ਰਵਾਨ ਕਰਨ ਲਈ ਸਰਕਾਰ ਨੂੰ ਭੇਜੀਆਂ ਜਾ ਰਹੀਆਂ ਹਨ ਤਾਂ ਜੋ ਗਰੀਬ ਲੋਕਾਂ ਨੂੰ ਰਾਹਤ ਮਿਲ ਸਕੇ। ਯੂਨੀਅਨ ਦੇ ਫੈਸਲੇ ਅਨੁਸਾਰ ਇਨ੍ਹਾਂ ਮੰਗਾਂ ਉਪਰ ਹੋਰ ਦਬਾਅ ਪਾਉਣ ਲਈ 24 ਫਰਵਰੀ ਨੂੰ ਜ਼ਿਲ੍ਹਾ ਹੈਡ ਕੁਆਟਰ ਤੇ ਵੱਡਾ ਮਾਰਚ ਕਰਦਿਆਂ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਦਫਤਰ ਅੱਗੇ ਧਰਨਾਂ ਦੇ ਕੇ ਮੰਗ ਪੱਤਰ ਦਿੱਤਾ ਜਾਵੇ। ਆਗੂਆਂ ਵੱਲੋਂ ਜ਼ਿਲ੍ਹੇ ਭਰ ਦੇ ਖੇਤ ਮਜ਼ਦੂਰ ਅਤੇ ਪੇਂਡੂ ਗਰੀਬਾਂ ਨੂੰ ਇਸ ਧਰਨੇ ਵਿੱਚ ਸ਼ਾਮਲ ਹੋਣ ਲਈ ਜ਼ੋਰਦਾਰ ਅਪੀਲ ਕੀਤੀ ਗਈ ਹੈ। ਇਸ ਮੌਕੇ ਸਾਥੀ ਗੁਰਮੀਤ ਰਾਮ ਕਾਣੇ, ਸੰਤੋਖ ਸਿੰਘ ਭੀਲੋਵਾਲ, ਜਗਿੰਦਰ ਲਾਲ ਭੱਟੀ ਰਾਜਪੁਰ ਭਾਈਆਂ ਆਦਿ ਹਾਜ਼ਰ ਸਨ।

# ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਪਿੰਡ ਬੁੱਕਣ ਖਾਂ ਵਿਖੇ ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਅਨੋਖੇ ਸ਼ਹੀਦ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ 27 ਜਨਵਰੀ ਨੂੰ ਗੁਰਮਤਿ ਸਮਾਗਮ ਤੇ 26 ਜਨਵਰੀ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ-ਗਿਆਨੀ ਸੁਖਦੇਵ ਸਿੰਘ ਖਾਲਸਾ



**ਫ਼ਿਰੋਜ਼ਪੁਰ, 22 ਜਨਵਰੀ (ਮਨੋਹਰ ਲਾਲ)** :- ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਪਿੰਡ ਬੁੱਕਣ ਖਾਂ ਵਾਲਾ ਫ਼ਿਰੋਜ਼ਪੁਰ ਵਿਖੇ ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਅਨੋਖੇ ਸ਼ਹੀਦ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ 27 ਜਨਵਰੀ ਨੂੰ ਗੁਰਮਤਿ ਸਮਾਗਮ ਤੇ 26 ਜਨਵਰੀ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਹ ਜਾਣਕਾਰੀ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਬੁੱਕਣ ਖਾਂ ਫ਼ਿਰੋਜ਼ਪੁਰ ਦੇ ਮੁੱਖ ਸੇਵਾਦਾਰ ਸ੍ਰੀਮਾਨ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਿੱਖ ਕੌਮ ਦੇ ਮਹਾਨ ਅਤੇ ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਅਨੋਖੇ ਸ਼ਹੀਦ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆ 27 ਜਨਵਰੀ 2025 ਦਿਨ ਸੋਮਵਾਰ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਰਾਗੀ, ਢਾਡੀ, ਕਥਾਵਾਚਕ ਜਥਿਆਂ ਵੱਲੋਂ ਆਪਣੀ ਸੁਰੀਲੀ ਆਵਾਜ਼ ਨਾਲ ਗੁਰਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਸ੍ਰੀਮਾਨ ਸੰਤ ਬਾਬਾ ਸੁਖਦੇਵ ਸਿੰਘ ਖਾਲਸਾ ਨੇ ਅੱਗੇ ਦੱਸਿਆ ਕਿ 26 ਜਨਵਰੀ 2025 ਦਿਨ ਐਤਵਾਰ (13 ਮਾਘ) ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਹ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ 5 ਪਿਆਰਿਆਂ ਦੀ ਅਗਵਾਈ ਵਿਚ ਝੂਲਦੇ ਨਿਸ਼ਾਨ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਤੋਂ ਪ੍ਰਾਰੰਭ ਹੋ ਕੇ ਪਿੰਡ ਬੁੱਕਣ ਖਾਂ ਵਾਲਾ ਤੋਂ ਸੈਦੇ ਕੇ ਰੁਹੇਲਾ, ਬਸਤੀ ਨੱਥੇਸ਼ਾਹ, ਧੀਰਾ ਪੱਤਰਾ, ਮੋਹਰੇ ਵਾਲਾ, ਨਸੀਰਾ ਖਲਚੀਆਂ, ਚੂਹੜ ਖਲਚੀਆਂ, ਚੱਕ ਰੋੜਾਂ ਵਾਲਾ, ਮਹਿਮਾ, ਭਾਵਨਾ ਆਜ਼ਮ ਸ਼ਾਹ, ਗਾਮੇਵਾਲਾ, ਬਾਲੇਵਾਲਾ, ਗੋਬਿੰਦ ਨਗਰ ਠਾਠ ਨਾਨਕਸਰ, ਮੀਰਾ ਸ਼ਾਹ ਨੂਰ, ਹਾਜੀ ਵਾਲਾ, ਬਸਤੀ ਕੀਮੇਵਾਲੀ, ਬਸਤੀ ਨੇਕ ਵਾਲੀ, ਫੱਤੂਵਾਲਾ, ਜੀਆਂ ਬੱਗਾ, ਗੁਰਦੁਆਰਾ ਕਰਮਸਰ, ਝੋਕ ਹਰੀਹਰ ਤੋਂ ਬੁੱਕਣ ਖਾਂ ਵਾਲਾ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਵਿਚ ਸਮਾਪਤੀ ਦੀ ਅਰਦਾਸ ਹੋਵੇਗੀ। ਸ੍ਰੀਮਾਨ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਅੱਗੇ ਦੱਸਿਆ ਕਿ ਇਸ ਵਿਸ਼ਾਲ ਨਗਰ ਕੀਰਤਨ ਅਤੇ ਸਮਾਗਮ ਵਿਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਭਾਈ ਗੁਰਦੀਪ ਸਿੰਘ ਨੰਬਰਦਾਰ ਅਤੇ ਉਨ੍ਹਾਂ ਦਾ ਪਰਿਵਾਰ ਹਰ ਤਰ੍ਹਾਂ ਦੀ ਤਨ, ਮਨ, ਧੰਨ ਨਾਲ ਸੇਵਾ ਕਰਦਾ ਹੈ। ਇਸ ਵਾਰ ਵੀ ਵਿਸ਼ੇਸ਼ ਤੌਰ ਤੇ ਸੇਵਾ ਕਰੇਗਾ। ਇਸ ਮੌਕੇ ਤੇ ਸ਼ਹੀਦ ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ ਗੱਤਕਾ ਅਖਾੜੇ ਵਾਲੇ ਗੱਤਕੇ ਦੇ ਜ਼ੌਹਰ ਵਿਖਾਏ ਜਾਣਗੇ। ਇਸ ਮੌਕੇ ਤੇ ਪਿੰਡ ਮਹਿਮਾ ਵੱਲੋਂ ਲੰਗਰ ਦੀ ਸੇਵਾ ਕੀਤੀ ਜਾਵੇਗੀ। ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ ਉਹ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਕਾਰਾਂ, ਜੀਪਾਂ, ਟਰੈਕਟਰ-ਟਰਾਲੀਆਂ ਲੈ ਕੇ ਵਿਸ਼ਾਲ ਨਗਰ ਕੀਰਤਨ ਵਿਚ ਮਿਤੀ 26 ਜਨਵਰੀ 2025 ਦਿਨ ਐਤਵਾਰ (13 ਮਾਘ) ਨੂੰ ਲੈ ਕੇ ਆਓ ਅਤੇ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

# ਸ: ਸਮਸ਼ੇਰ ਸਿੰਘ ਸੰਧੂ ਪ੍ਰਧਾਨ ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ 26 ਜਨਵਰੀ ਨੂੰ



**ਫ਼ਿਰੋਜ਼ਪੁਰ, 22 ਜਨਵਰੀ (ਮਨੋਹਰ ਲਾਲ)** :- ਸ: ਸਮਸ਼ੇਰ ਸਿੰਘ ਸੰਧੂ ਪ੍ਰਧਾਨ ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸੀ। ਸ: ਸਮਸ਼ੇਰ ਸਿੰਘ ਪੁੱਤਰ ਸ: ਅਜੈਬ ਸਿੰਘ ਸੰਧੂ ਵਾਸੀ ਮਮਦੋਟ ਜੋ ਕਿ ਪਿਛਲੇ ਲੰਮੇ ਅਰਸੇ ਤੋਂ ਮਕਾਨ ਨੰਬਰ 38 ਦਸਮੇਸ਼ ਨਗਰ ਬੈਕਸਾਈਡ ਬਾਗੀ ਹਸਪਤਾਲ ਫ਼ਿਰੋਜ਼ਪੁਰ ਸ਼ਹਿਰ ਵਿਖੇ ਰਹਿ ਰਹੇ ਹਨ, ਆਪਣੀ ਜਿੰਦਗੀ ਦੀਆਂ 83 ਕੁ ਬਹਾਰਾਂ ਵੇਖ ਕੇ ਇਸ ਫਾਨੀ ਸੰਸਾਰ ਨੂੰ ਸਦਾ-ਸਦਾ ਲਈ ਅਲਵਿਦਾ ਕਹਿ ਗਏ, ਪਿਛੇ ਧਰਮਪਤਨੀ ਸ੍ਰੀਮਤੀ ਦਵਿੰਦਰ ਕੌਰ, ਦੋ ਲੜਕੇ ਕਮਲਦੀਪ ਸਿੰਘ, ਗਗਨਦੀਪ ਸਿੰਘ ਜੋ ਕਿ ਦੋਨੋ ਹੀ ਕੈਨੇਡਾ ਰਹਿੰਦੇ ਹਨ ਅਤੇ ਲੜਕੀ ਸਰਬਜੀਤ ਕੌਰ ਟੀਚਰ ਨੂੰ ਰੋਦੇ ਕੁਰਲਾਉਂਦਿਆਂ ਨੂੰ ਵਾਹਿਗੁਰੂ ਆਸਰੇ ਛੱਡ ਗਏ। ਸ: ਸਮਸ਼ੇਰ ਸਿੰਘ ਸੰਧੂ ਇਕ ਚੰਗੇ ਸੁਭਾਅ ਦੇ ਇਨਸਾਨ ਸਨ ਅਤੇ ਉਹ ਸਮਾਜ ਸੇਵਾ ਦੇ ਕੰਮਾਂ ਵਿਚ ਹਮੇਸ਼ਾ ਮੂਹਰਲੀ ਕਤਾਰ ਵਿਚ ਰਹਿੰਦੇ ਸੀ, ਇਸ ਤੋਂ ਇਲਾਵਾ ਉਹ ਠੇਕੇਦਾਰੀ ਦਾ ਕੰਮ ਅਤੇ ਆਪਣੀ ਜਮੀਨ ਦੀ ਸਾਂਭ-ਸੰਭਾਲ ਕਰਦੇ ਸੀ ਅਤੇ ਪਿਛਲੇ ਲੰਮੇ ਸਮੇਂ ਤੋਂ ਉਹ ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਅਹੁਦੇਦਾਰ ਅਤੇ ਪ੍ਰਧਾਨ ਵਜੋਂ ਸੇਵਾ ਕਰਦੇ ਆ ਰਹੇ ਸਨ ਅਤੇ ਪਿਛੇ ਥੋੜ੍ਹੇ ਦਿਨਾਂ ਤੋਂ ਉਹ ਬਾਗੀ ਹਸਪਤਾਲ ਵਿਖੇ ਠੰਡ ਨਾਲ ਛਾਤੀ ਜਾਮ ਹੋਣ ਕਰਕੇ ਦਾਖਲ ਸਨ ਤਾਂ 17 ਜਵਰੀ ਦੀ ਰਾਤ 8:30 ਵਜੇ ਅਕਾਲ ਚਲਾਣਾ ਕਰ ਗਏ। ਇਸ ਮੌਕੇ ਤੇ ਉਨ੍ਹਾਂ ਦੀ ਅੰਤਿਮ ਅਰਦਾਸ ਤੇ ਧਾਰਮਿਕ, ਰਾਜਨੀਤਕ ਆਗੂ, ਪੱਤਰਕਾਰ, ਵਕੀਲ, ਸਮਾਜ ਸੇਵੀ ਜਥੇਬੰਦੀਆਂ ਦੇ ਆਗੂ, ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਸਮੂਹ ਮੈਂਬਰ ਅਤੇ ਅਹੁਦੇਦਾਰ, ਸਾਕ ਸਬੰਧੀ, ਰਿਸ਼ਤੇਦਾਰ, ਮਿੱਤਰ, ਭਰਾ ਪਹੁੰਚ ਕੇ ਸ: ਸਮਸ਼ੇਰ ਸਿੰਘ ਸੰਧੂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ। ਅਸੀਂ ਵਾਹਿਗੁਰੂ ਸੱਚੇ ਪਾਤਸ਼ਾਹ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਕਿ ਉਹ ਸ: ਸਮਸ਼ੇਰ ਸਿੰਘ ਸੰਧੂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ, ਪਿਛੇ ਧਰਮਪਤਨੀ ਸ੍ਰੀਮਤੀ ਦਵਿੰਦਰ ਕੌਰ, ਦੋਵੇਂ ਲੜਕੇ ਕਮਲਦੀਪ ਸਿੰਘ ਸੰਧੂ, ਗਗਨਦੀਪ ਸਿੰਘ ਸੰਧੂ ਅਤੇ ਬੇਟੀ ਸਰਬਜੀਤ ਕੌਰ ਅਤੇ ਰਿਸ਼ਤੇਦਾਰਾਂ, ਸਾਕ ਸਬੰਧੀਆਂ, ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਸ੍ਰੀ ਆਖੰਡ ਪਾਠ ਸਾਹਿਬ ਜੀ ਦਾ ਭੋਗ ਕੀਰਤਨ ਅਤੇ ਅੰਤਿਮ ਅਰਦਾਸ 11 ਵਜੇ ਤੋਂ ਇਕ ਵਜੇ ਤੱਕ 26 ਜਨਵਰੀ 2025 ਦਿਨ ਐਤਵਾਰ ਨੂੰ ਗੁਰਦੁਆਰਾ ਬਾਬਾ ਰਾਮ ਲਾਲ ਫ਼ਿਰੋਜ਼ਪੁਰ ਸ਼ਹਿਰ ਵਿਖੇ ਪਾਇਆ ਜਾਵੇਗਾ।

# ਸ: ਸੁਖਜਿੰਦਰ ਕੌਰ ਅਸਟੂ ਸੀਨੀਅਰ ਮੈਂਬਰ ਖਾਲਸਾ ਗੁਰਦੁਆਰਾ ਫ਼ਿਰੋਜ਼ਪੁਰ ਨੂੰ ਗਹਿਰਾ ਸਦਮਾ-ਸਤਿਕਾਰਯੋਗ ਮਾਤਾ ਕੁਲਵੰਤ ਕੌਰ ਦੀ ਅੰਤਿਮ ਅਰਦਾਸ ਤੇ ਪਾਠ ਦੇ ਭੋਗ 24 ਜਨਵਰੀ ਨੂੰ



**ਫ਼ਿਰੋਜ਼ਪੁਰ, 22 ਜਨਵਰੀ (ਮਨੋਹਰ ਲਾਲ)** :- ਸ: ਸੁਖਜਿੰਦਰ ਸਿੰਘ ਅਸਟੂ ਸੀਨੀਅਰ ਮੈਂਬਰ ਖਾਲਸਾ ਗੁਰਦੁਆਰਾ ਫ਼ਿਰੋਜ਼ਪੁਰ ਸ਼ਹਿਰ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੀ ਸਤਿਕਾਰਯੋਗ ਮਾਤਾ ਕੁਲਵੰਤ ਕੌਰ ਜੀ ਮਿਤੀ 18 ਜਨਵਰੀ 2025 ਦਿਨ ਸ਼ਨੀਵਾਰ ਨੂੰ ਵਾਹਿਗੁਰੂ ਜੀ ਦੇ ਸੱਦੇ ਤੇ ਅਕਾਲ ਚਲਾਣਾ ਕਰ ਗਏ। ਸਤਿਕਾਰਯੋਗ ਮਾਤਾ ਕੁਲਵੰਤ ਕੌਰ ਧਰਮਪਤਨੀ ਸਵਰਗੀ ਸ: ਜ਼ੋਧ ਸਿੰਘ ਸਨ, ਸਤਿਕਾਰਤ ਸਰਦਾਰਨੀ ਕੁਲਵੰਤ ਕੌਰ ਆਪਣੀ ਜਿੰਦਗੀ ਦੀਆਂ 80 ਕੁ ਬਹਾਰਾਂ ਵੇਖ ਕੇ ਇਸ ਫਾਨੀ ਸੰਸਾਰ ਨੂੰ ਸਦਾ-ਸਦਾ ਲਈ ਅਲਵਿਦਾ ਕਹਿ ਗਏ, ਪਿਛੇ ਸ: ਸੁਖਜਿੰਦਰ ਸਿੰਘ ਅਸਟੂ ਲੜਕਾ, ਨੂੰਹ ਹਰਪ੍ਰੀਤ ਕੌਰ ਅਤੇ ਪੋਤਰਾ ਪ੍ਰਭਲੀਤ ਕੌਰ, ਪੋਤਰੀ ਸਮਨਪ੍ਰੀਤ ਕੌਰ ਨੂੰ ਰੋਦੇ ਕੁਰਲਾਉਂਦੇ ਹੋਏ ਵਾਹਿਗੁਰੂ ਆਸਰੇ ਛੱਡ ਗਏ। ਅਸੀਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਦੇ ਹਾਂ ਕਿ ਸਰਦਾਰਨੀ ਮਾਤਾ ਕੁਲਵੰਤ ਕੌਰ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ, ਪਿਛੇ ਪਰਿਵਾਰ ਸ: ਸੁਖਜਿੰਦਰ ਸਿੰਘ ਅਸਟੂ ਲੜਕਾ, ਨੂੰਹ ਹਰਪ੍ਰੀਤ ਕੌਰ ਅਤੇ ਪੋਤਰੇ ਪ੍ਰਭਨੀਤ, ਸੁਮਨਪ੍ਰੀਤ ਕੌਰ, ਰਿਸ਼ਤੇਦਾਰ, ਸਾਕ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਸਰਦਾਰਨੀ ਮਾਤਾ ਕੁਲਵੰਤ ਕੌਰ ਜੀ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ ਖਾਲਸਾ ਗੁਰਦੁਆਰਾ ਫ਼ਿਰੋਜ਼ਪੁਰ ਛਾਉਣੀ ਵਿਖੇ ਪਵੇਗਾ।